


ਸੱਚੀ ਅਤੇ ਨਿਰਪੱਖ ਵਿਚਾਰਧਾਰਾ

# CEE7NEWS

Daily Digital Edition




Reg No: AAG1353 | Ludhiana, Sunday 17 May, 2026 | website: www.cee7news.com

## ਸੁਰਜੀਤ ਸਿੰਘ ਰੱਖੜਾ ਅੱਜ 'ਆਪ' ਵਿਚ ਸ਼ਾਮਲ ਹੋ ਗਏ ਹਨ




ਸੁਰਜੀਤ ਸਿੰਘ ਰੱਖੜਾ ਅੱਜ 'ਆਪ' ਵਿਚ ਸ਼ਾਮਲ ਹੋ ਗਏ ਹਨ। ਉਨ੍ਹਾਂ ਨੂੰ ਮੁੱਖ ਮੰਤਰੀ ਭਗਵੰਤ ਮਾਨ ਨੇ ਪਾਰਟੀ ਵਿਚ ਸ਼ਾਮਲ ਕਰਵਾਇਆ। ਇਸ ਤੋਂ ਪਹਿਲਾਂ ਜਲੰਧਰ ਵਿਚ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਦੌਰਾਨ ਸੁਰਜੀਤ ਸਿੰਘ ਰੱਖੜਾ ਨੂੰ ਪਾਰਟੀ ਵਿੱਚੋਂ ਬਾਹਰ ਕੱਢਣ ਦਾ ਫੈਸਲਾ ਲਿਆ ਗਿਆ ਸੀ। ਅਕਾਲੀ ਦਲ (ਪੁਨਰ ਸੁਰਜੀਤ) ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਦੱਸਿਆ ਸੀ ਕਿ ਸੁਰਜੀਤ ਸਿੰਘ ਰੱਖੜਾ ਪਾਰਟੀ ਦੀ ਕੋਰ ਕਮੇਟੀ ਅਤੇ ਸਿਆਸੀ ਮਾਮਲਿਆਂ ਦੀ ਕਮੇਟੀ ਦੇ ਇੱਕ ਸਰਗਰਮ ਮੈਂਬਰ ਸਨ ਪਰ ਉਹਨਾਂ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਦੇ ਕਾਰਨ ਪਾਰਟੀ ਵਿੱਚੋਂ ਬਾਹਰ ਦਾ ਰਸਤਾ ਦਿਖਾਇਆ ਗਿਆ ਹੈ। ਇਸ ਤੋਂ ਬਾਅਦ ਸੁਰਜੀਤ ਸਿੰਘ ਰੱਖੜਾ ਨੇ ਕਿਹਾ ਕਿ ਅਕਾਲੀ ਦਲ (ਪੁਨਰ ਸੁਰਜੀਤ) ਕੋਲ ਉਹਨਾਂ ਨੂੰ ਪਾਰਟੀ ਵਿੱਚੋਂ ਕੱਢਣ ਦਾ ਪੂਰਾ ਹੱਕ ਹੈ ਕਿਉਂਕਿ ਉਹਨਾਂ ਨੇ ਪਹਿਲਾਂ ਹੀ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਨੂੰ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦੀ ਆਪਣੀ ਇੱਛਾ ਬਾਰੇ ਦੱਸ ਦਿੱਤਾ ਸੀ।

## ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਰਾਜ ਚੋਣ ਕਮਿਸ਼ਨਰ ਨੂੰ ਸ਼ਿਕਾਇਤ ਦੇ ਕੇ ਅਨੁਸ਼ਾਸਨੀ ਕਾਰਵਾਈ ਦੀ ਮੰਗ ਕੀਤੀ




ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਅੱਜ ਰਾਜ ਚੋਣ ਕਮਿਸ਼ਨਰ ਰਾਜ ਕਮਲ ਚੌਧਰੀ ਨੂੰ ਸ਼ਿਕਾਇਤ ਦੇ ਕੇ ਨਗਰ ਕਮੇਟੀ ਮਜੀਠਾ ਦੇ ਕਾਰਜਸਾਧਕ ਅਫ਼ਸਰ ਖ਼ਿਲਾਫ਼ ਅਨੁਸ਼ਾਸਨੀ ਕਾਰਵਾਈ ਦੀ ਮੰਗ ਕੀਤੀ ਹੈ ਜਿਸ ਵੱਲੋਂ ਅਕਾਲੀ ਉਮੀਦਵਾਰਾਂ ਨੂੰ ਐੱਨ.ਓ.ਸੀ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਹੈ। ਮਜੀਠੀਆ ਨੇ ਚੋਣ ਕਮਿਸ਼ਨ ਤੋਂ ਇਨਸਾਫ਼ ਦੀ ਮੰਗ ਕੀਤੀ ਹੈ। ਨਿਆਂ ਨਾ ਮਿਲਣ ਦੀ ਸੂਰਤ 'ਚ ਉਹ ਪੰਜਾਬ ਤੇ ਹਰਿਆਣਾ ਹਾਈ ਕੋਰਟ ਦਾ ਦਰਵਾਜ਼ਾ ਖੜਕਾਉਣਗੇ।

## ਪੀ.ਸੀ.ਐੱਸ. ਅਧਿਕਾਰੀ ਅਨੁਪ੍ਰੀਤ ਕੌਰ ਰੰਧਾਵਾ ਨੂੰ ਅੱਜ ਪੱਟੀ ਪੁਲੀਸ ਵਲੋਂ ਹਿਰਾਸਤ ਵਿਚ ਲੈ ਲਿਆ ਗਿਆ



ਐੱਸ.ਡੀ.ਐੱਮ ਗੁਰਦਾਸਪੁਰ ਵਜੋਂ ਸੇਵਾਵਾਂ ਨਿਭਾਅ ਰਹੀ ਪੀ.ਸੀ.ਐੱਸ. ਅਧਿਕਾਰੀ ਅਨੁਪ੍ਰੀਤ ਕੌਰ ਰੰਧਾਵਾ ਨੂੰ ਅੱਜ ਸਵੇਰੇ 7 ਵਜੇ ਪੁਲੀਸ ਜ਼ਿਲ੍ਹਾ ਤਰਨ ਤਰਨ ਦੀ ਪੱਟੀ ਪੁਲੀਸ ਵਲੋਂ ਹਿਰਾਸਤ ਵਿਚ ਲੈ ਲਿਆ ਗਿਆ । ਮਾਮਲੇ ਨੂੰ ਜੰਮੂ ਕਸ਼ਮੀਰ- ਰਾਜਸਥਾਨ ਹਾਈਵੇ ਲਈ ਐਕੁਆਇਰ ਕੀਤੀ ਜ਼ਮੀਨ ਦੇ ਵਿਚ ਹੋਏ ਗਬਨ ਦੇ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ । ਇਸ ਸੰਬੰਧੀ ਅਨੁਦੀਪ ਕੌਰ ਰੰਧਾਵਾ ਤੇ ਇਕ ਕਰੋੜ 63 ਲੱਖ ਰੁਪਏ ਦੇ ਗਬਨ ਦਾ ਕੇਸ ਚੱਲ ਰਿਹਾ ਸੀ। ਸੂਤਰਾਂ ਅਨੁਸਾਰ ਇਸ ਮਾਮਲੇ ਵਿਚ ਹੀ ਐੱਸ.ਡੀ.ਐੱਮ. ਅਨੁਦੀਪ ਕੌਰ ਰੰਧਾਵਾ ਨੂੰ ਪੱਟੀ 'ਚ ਪੁਲੀਸ ਵਲੋਂ ਸਵੇਰੇ ਉਨ੍ਹਾਂ ਦੇ ਘਰ ਤੋਂ ਹਿਰਾਸਤ ਵਿਚ ਲਿਆ ਗਿਆ ਹੈ।ਐਸ.ਡੀ.ਐਮ. ਹੋਣ ਦੇ ਨਾਤੇ, ਉਹ 2018 ਦੇ ਸ਼ੁਰੂ ਤੋਂ ਫਰਵਰੀ 2019 ਤੱਕ ਸਮਰੱਥ ਅਥਾਰਟੀ ਲੈਂਡ ਐਕੁਆਇਰ (CALA) ਰਹੀ। ਇਹ ਉਹ ਸਮਾਂ ਸੀ ਜਦੋਂ ਉਸ ਨੇ ਆਪਣੀ ਸ਼ਕਤੀ ਦੀ ਦੁਰਵਰਤੋਂ ਕੀਤੀ ਅਤੇ ਮਾਲ ਰਿਕਾਰਡ (revenue records) ਦੀ ਪੜਤਾਲ ਕੀਤੇ ਬਿਨਾਂ ਆਪਣੇ ਰਿਸ਼ਤੇਦਾਰਾਂ ਦੇ ਖਾਤਿਆਂ ਵਿੱਚ ਪੈਸੇ ਜਮ੍ਹਾਂ ਕਰਵਾ ਦਿੱਤੇ, ਜਿਸ ਨਾਲ ਬਾਅਦ ਵਿੱਚ ਸਰਕਾਰੀ ਖ਼ਜ਼ਾਨੇ ਨੂੰ ਭਾਰੀ ਨੁਕਸਾਨ ਹੋਇਆ।

**Cee7news** ਪ੍ਰਾਇਮਰੀ ਅਧਿਆਪਕਾਂ ਦੇ ਇੱਕ ਵਿਸ਼ੇਸ਼ ਬੈਚ ਨੂੰ ਫਿਨਲੈਂਡ ਵਿੱਚ ਉੱਚ ਪੱਧਰੀ ਸਿਖਲਾਈ (ਟ੍ਰੇਨਿੰਗ) ਪ੍ਰਾਪਤ ਕਰਨ ਲਈ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ।

# ਸਿੱਖਿਆ ਢਾਂਚੇ ਨੂੰ ਵਿਸ਼ਵ ਪੱਧਰੀ ਬਣਾਉਣ ਲਈ ਇੱਕ ਹੋਰ ਵੱਡਾ ਕਦਮ ਚੁੱਕਿਆ ਗਿਆ ਹੈ।

ਪੰਜਾਬ ਦੀ ਆਮ ਆਦਮੀ ਪਾਰਟੀ (ਆਪ) ਸਰਕਾਰ ਵੱਲੋਂ ਸੂਬੇ ਦੇ ਸਰਕਾਰੀ ਸਿੱਖਿਆ ਢਾਂਚੇ ਨੂੰ ਵਿਸ਼ਵ ਪੱਧਰੀ ਬਣਾਉਣ ਲਈ ਇੱਕ ਹੋਰ ਵੱਡਾ ਕਦਮ ਚੁੱਕਿਆ ਗਿਆ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਚੰਡੀਗੜ੍ਹ ਸਥਿਤ ਆਪਣੀ ਸਰਕਾਰੀ ਰਿਹਾਇਸ਼ ਤੋਂ ਸਰਕਾਰੀ ਸਕੂਲਾਂ ਦੇ ਪ੍ਰਾਇਮਰੀ ਅਧਿਆਪਕਾਂ ਦੇ ਇੱਕ ਵਿਸ਼ੇਸ਼ ਬੈਚ ਨੂੰ ਫਿਨਲੈਂਡ ਵਿੱਚ ਉੱਚ ਪੱਧਰੀ ਸਿਖਲਾਈ (ਟ੍ਰੇਨਿੰਗ) ਪ੍ਰਾਪਤ ਕਰਨ ਲਈ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਇਹ ਅਧਿਆਪਕ ਦਿੱਲੀ ਰਾਹੀਂ ਫਿਨਲੈਂਡ ਦੇ ਪ੍ਰਸਿੱਧ ਸ਼ਹਿਰ 'ਤੁਰਕੂ' ਲਈ ਰਵਾਨਾ ਹੋਏ ਹਨ। ਮੁੱਖ ਮੰਤਰੀ ਨੇ ਅਧਿਆਪਕਾਂ ਨੂੰ ਰਵਾਨਾ ਕਰਨ ਤੋਂ ਪਹਿਲਾਂ ਉਨ੍ਹਾਂ ਨਾਲ ਇੱਕ ਖ਼ਾਸ ਅਤੇ ਨਿੱਘੀ ਗੱਲਬਾਤ ਕੀਤੀ, ਜਿੱਥੇ ਉਨ੍ਹਾਂ ਨੇ ਸਿੱਖਿਆ ਦੇ ਖੇਤਰ ਵਿੱਚ ਸੁਧਾਰ ਲਿਆਉਣ ਅਤੇ ਅਧਿਆਪਕਾਂ ਦੀ ਭੂਮਿਕਾ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਅਧਿਆਪਕ ਸਿੱਖਿਆ ਕ੍ਰਾਂਤੀ ਦੇ ਰਾਜਦੂਤਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਵਿਦੇਸ਼ਾਂ ਅਤੇ ਅੰਤਰਰਾਸ਼ਟਰੀ ਪੱਧਰ ਦੀਆਂ ਮਸ਼ਹੂਰ ਸੰਸਥਾਵਾਂ ਵਿੱਚ ਸਿਖਲਾਈ ਪ੍ਰਾਪਤ ਕਰਕੇ ਆਉਣ ਵਾਲੇ ਪ੍ਰਿੰਸੀਪਲ ਅਤੇ ਅਧਿਆਪਕ ਸੂਬੇ ਵਿੱਚ ਸਿੱਖਿਆ ਕ੍ਰਾਂਤੀ ਦੇ 'ਰਾਜਦੂਤ' (Ambassadors) ਵਜੋਂ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਜਦੋਂ ਇਹ ਅਧਿਆਪਕ ਵਿਸ਼ਵ ਪੱਧਰੀ ਸਿੱਖਿਆ ਪ੍ਰਣਾਲੀ ਨੂੰ ਨੇੜਿਓਂ ਦੇਖ ਕੇ ਅਤੇ ਨਵੇਂ ਤਰੀਕੇ ਸਿੱਖ ਕੇ ਵਾਪਸ ਆਉਂਦੇ ਹਨ, ਤਾਂ ਉਹ ਆਪਣੇ ਸਕੂਲਾਂ ਵਿੱਚ ਸਿੱਖਿਆ ਦੀ ਗੁਣਵੱਤਾ ਵਿੱਚ ਵੱਡਾ ਸੁਧਾਰ ਕਰਦੇ ਹਨ। ਇਸ ਸਿੱਖਿਆ ਪ੍ਰਣਾਲੀ ਦੇ ਸੁਧਾਰ ਨਾਲ ਸਿੱਧੇ ਤੌਰ 'ਤੇ ਗਰੀਬ ਅਤੇ ਆਮ ਆਦਮੀ ਦੇ ਬੱਚਿਆਂ ਨੂੰ ਲਾਭ ਪਹੁੰਚ ਰਿਹਾ ਹੈ, ਜੋ ਮਹਿੰਗੇ ਨਿੱਜੀ ਸਕੂਲਾਂ ਦੀ ਫੀਸ ਨਹੀਂ ਦੇ ਸਕਦੇ।ਰਾਜਨੀਤਿਕ ਏਜੰਡੇ ਵਿੱਚ ਤਬਦੀਲੀਮੁੱਖ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ 'ਆਪ' ਸਰਕਾਰ ਅਤੇ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਦੇ ਸਾਂਝੇ ਅਤੇ ਅਣਥੱਕ ਯਤਨਾਂ ਸਦਕਾ ਅੱਜ ਦੇਸ਼ ਦੀ ਰਾਜਨੀਤੀ ਦੀ ਦਿਸ਼ਾ ਬਦਲ ਗਈ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਰਾਜਨੀਤਿਕ ਪਾਰਟੀਆਂ ਗੈਰ-ਜ਼ਰੂਰੀ ਮੁੱਦਿਆਂ 'ਤੇ ਚੋਣਾਂ ਲੜਦੀਆਂ ਸਨ, ਪਰ ਹੁਣ ਸਿੱਖਿਆ, ਸਿਹਤ ਅਤੇ ਮੁਫ਼ਤ ਬਿਜਲੀ ਵਰਗੇ ਜਨਤਕ ਮੁੱਦੇ ਦੂਜੀਆਂ ਸਾਰੀਆਂ ਰਾਜਨੀਤਿਕ ਪਾਰਟੀਆਂ ਦੇ ਏਜੰਡਿਆਂ ਦਾ ਮੁੱਖ ਕੇਂਦਰ ਬਣ ਗਏ ਹਨ।



ਉਨ੍ਹਾਂ ਕਿਹਾ ਕਿ ਹੁਣ ਵਿਰੋਧੀ ਪਾਰਟੀਆਂ ਨੂੰ ਵੀ ਸਿੱਖਿਆ ਅਤੇ ਸਿਹਤ ਵਰਗੇ ਮੁੱਦਿਆਂ 'ਤੇ ਗੱਲ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ, ਜੋ ਕਿ ਦੇਸ਼ ਦੇ ਲੋਕਤੰਤਰ ਅਤੇ ਆਮ ਲੋਕਾਂ ਲਈ ਇੱਕ ਬਹੁਤ ਹੀ ਸਕਾਰਾਤਮਕ ਸੰਕੇਤ ਹੈ।ਹੁਣ ਤੱਕ ਦਾ ਸਭ ਤੋਂ ਵੱਡਾ ਬੈਚ ਅਤੇ ਪਿਛਲੇ ਅੰਕੜੇ

ਆਪਣੇ ਸੰਬੋਧਨ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਅੰਕੜੇ ਸਾਂਝੇ ਕਰਦਿਆਂ ਦੱਸਿਆ ਕਿ ਪੰਜਾਬ ਸਰਕਾਰ ਹੁਣ ਤੱਕ 234 ਸਕੂਲ ਪ੍ਰਿੰਸੀਪਲਾਂ ਅਤੇ ਸਿੱਖਿਆ ਅਧਿਕਾਰੀਆਂ ਨੂੰ ਪੰਜ ਦਿਨਾਂ ਦੇ ਵਿਸ਼ੇਸ਼ ਲੀਡਰਸ਼ਿਪ ਵਿਕਾਸ ਪ੍ਰੋਗਰਾਮ ਲਈ ਸਿੰਗਾਪੁਰ ਭੇਜ ਚੁੱਕੀ ਹੈ। ਇਸ ਲੜੀ ਨੂੰ ਅੱਗੇ ਵਧਾਉਂਦੇ ਹੋਏ, ਇਸ ਵਾਰ ਪ੍ਰਾਇਮਰੀ ਪੱਧਰ ਦੇ 72 ਅਧਿਆਪਕਾਂ ਨੂੰ ਫਿਨਲੈਂਡ ਦੇ ਤੁਰਕੂ ਸ਼ਹਿਰ ਵਿੱਚ ਸਿਖਲਾਈ ਲਈ ਭੇਜਿਆ ਜਾ ਰਿਹਾ ਹੈ। ਮੁੱਖ ਮੰਤਰੀ ਨੇ ਦੱਸਿਆ ਕਿ 72 ਅਧਿਆਪਕਾਂ ਦਾ ਇਹ ਬੈਚ ਹੁਣ ਤੱਕ ਦਾ ਸਭ ਤੋਂ ਵੱਡਾ ਬੈਚ ਹੈ। ਇਹ ਸਾਰੇ ਅਧਿਆਪਕ 29 ਮਈ ਤੱਕ ਆਪਣੀ ਸਿਖਲਾਈ ਪੂਰੀ ਕਰਕੇ ਵਾਪਸ ਪਰਤਣਗੇ। ਉਨ੍ਹਾਂ ਅਧਿਆਪਕਾਂ ਨੂੰ 'ਰਾਸ਼ਟਰ ਨਿਰਮਾਤਾ' ਕਹਿ ਕੇ ਸਨਮਾਨਿਤ ਕੀਤਾ ਅਤੇ ਉਮੀਦ ਜਤਾਈ ਕਿ ਇਹ ਅਧਿਆਪਕ ਉੱਥੋਂ ਨਵੇਂ ਅਧਿਆਪਨ ਤਰੀਕੇ (teaching methodologies) ਅਤੇ ਨਵੇਂ ਆਧੁਨਿਕ ਅਧਿਆਪਨ ਸਾਧਨ (teaching tools) ਸਿੱਖ ਕੇ ਆਉਣਗੇ।



## 3 ਰੁਪਏ ਪ੍ਰਤੀ ਲੀਟਰ ਦਾ ਅਚਾਨਕ ਟੈਕਸ ਲਾਗੂ ਕਰ ਦਿੱਤਾ ਹੈ।

ਸਰਕਾਰ ਦੇ ਇਸ ਫੈਸਲੇ ਦਾ ਸਿੱਧਾ ਅਸਰ ਤੇਲ ਰਿਫਾਇਨਿੰਗ ਕੰਪਨੀਆਂ ਦੀ ਕਮਾਈ ਅਤੇ ਉਨ੍ਹਾਂ ਦੇ ਵਪਾਰਕ ਮਾਡਲ 'ਤੇ ਪਵੇਗਾ। ਜਿਹੜੀਆਂ ਭਾਰਤੀ ਕੰਪਨੀਆਂ ਬਾਹਰਲੇ ਦੇਸ਼ਾਂ ਵਿੱਚ ਵੱਡੀ ਮਾਤਰਾ ਵਿੱਚ ਪੈਟਰੋਲ ਸਪਲਾਈ ਕਰਦੀਆਂ ਹਨ, ਉਨ੍ਹਾਂ ਦੇ ਮੁਨਾਫੇ ਦਾ ਇੱਕ ਹਿੱਸਾ ਹੁਣ ਟੈਕਸ ਦੇ ਰੂਪ ਵਿੱਚ ਸਰਕਾਰੀ ਖਜ਼ਾਨੇ ਵਿੱਚ ਜਾਵੇਗਾ। ਹਾਲਾਂਕਿ, ਡੀਜ਼ਲ ਅਤੇ ATF 'ਤੇ ਟੈਕਸ ਘਟਣ ਨਾਲ ਕੰਪਨੀਆਂ ਨੂੰ ਦੂਜੇ ਪਾਸਿਓਂ ਕੁਝ ਰਾਹਤ ਜ਼ਰੂਰ ਮਿਲੇਗੀ, ਜਿਸ ਨਾਲ ਬਾਜ਼ਾਰ ਵਿੱਚ ਸੰਤੁਲਨ ਬਣੇ ਰਹਿਣ ਦੀ ਉਮੀਦ ਹੈ।ਪਰ ਦੂਜੇ ਪਾਸੇ, ਆਮ ਜਨਤਾ ਪਹਿਲਾਂ ਹੀ ਮਹਿੰਗਾਈ ਦੀ ਮਾਰ ਝੱਲ ਰਹੀ ਹੈ। ਦੇਸ਼ ਭਰ ਵਿੱਚ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ 3 ਰੁਪਏ ਪ੍ਰਤੀ ਲੀਟਰ ਦਾ ਵਾਧਾ ਹੋਣ ਕਾਰਨ ਆਮ ਆਦਮੀ ਦੇ ਘਰ ਦਾ ਬਜਟ ਪੂਰੀ ਤਰ੍ਹਾਂ ਹਿੱਲ ਗਿਆ ਹੈ। ਤੇਲ ਮਹਿੰਗਾ ਹੋਣ ਨਾਲ ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ, ਖਾਸ ਕਰਕੇ ਸਬਜ਼ੀਆਂ ਅਤੇ ਹੋਰ ਖਾਣ-ਪੀਣ ਦੇ ਸਾਮਾਨ ਦੀ ਢੋਆ-ਢੁਆਈ (ਟਰਾਂਸਪੋਰਟੇਸ਼ਨ) ਮਹਿੰਗੀ ਹੋ ਜਾਂਦੀ ਹੈ, ਜਿਸ ਦਾ ਸਿੱਧਾ ਖਮਿਆਜ਼ਾ ਮੱਧ ਵਰਗ ਅਤੇ ਗਰੀਬ ਪਰਿਵਾਰਾਂ ਨੂੰ ਭੁਗਤਣਾ ਪੈਂਦਾ ਹੈ। ਬਾਜ਼ਾਰ ਵਿੱਚ ਇਸ ਵੇਲੇ ਕੋਈ ਵੀ ਹਰੀ ਸਬਜ਼ੀ 50 ਰੁਪਏ ਪ੍ਰਤੀ ਕਿਲੋ ਤੋਂ ਘੱਟ ਨਹੀਂ ਮਿਲ ਰਹੀ, ਜਿਸ ਕਾਰਨ ਰਸੋਈ ਦਾ ਖਰਚਾ ਲਗਾਤਾਰ ਵਧ ਰਿਹਾ ਹੈ।

ਦੇਸ਼ ਅੰਦਰ ਤੇਲ ਦੀਆਂ ਕੀਮਤਾਂ ਅਤੇ ਆਰਥਿਕ ਨੀਤੀਆਂ ਨੂੰ ਲੈ ਕੇ ਕੇਂਦਰ ਸਰਕਾਰ ਵੱਲੋਂ ਲਗਾਤਾਰ ਵੱਡੇ ਕਦਮ ਚੁੱਕੇ ਜਾ ਰਹੇ ਹਨ। ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਹਾਲ ਹੀ ਵਿੱਚ ਹੋਏ 3 ਰੁਪਏ ਪ੍ਰਤੀ ਲੀਟਰ ਦੇ ਵਾਧੇ ਤੋਂ ਬਾਅਦ, ਕੇਂਦਰ ਸਰਕਾਰ ਨੇ ਹੁਣ ਬਾਲਣ (ਫਿਊਲ) ਦੇ ਨਿਰਯਾਤ ਚਾਰਜਿਸ ਵਿੱਚ ਇੱਕ ਹੋਰ ਬਹੁਤ ਵੱਡਾ ਬਦਲਾਅ ਕਰਨ ਦਾ ਐਲਾਨ ਕੀਤਾ ਹੈ। ਵਿੱਤ ਮੰਤਰਾਲੇ ਦੁਆਰਾ ਜਾਰੀ ਕੀਤੇ ਗਏ ਤਾਜ਼ਾ ਨੋਟੀਫਿਕੇਸ਼ਨ ਦੇ ਅਨੁਸਾਰ, ਸਰਕਾਰ ਨੇ ਪੈਟਰੋਲ ਦੇ ਨਿਰਯਾਤ (ਬਰਾਮਦ) ਉੱਤੇ 3 ਰੁਪਏ ਪ੍ਰਤੀ ਲੀਟਰ ਦਾ ਅਚਾਨਕ ਟੈਕਸ ਯਾਨੀ ਵਿੰਡਫਾਲ ਟੈਕਸ (Windfall Tax) ਲਾਗੂ ਕਰ ਦਿੱਤਾ ਹੈ। ਇਸ ਦੇ ਉਲਟ, ਡੀਜ਼ਲ ਅਤੇ ਹਵਾਬਾਜ਼ੀ ਟਰਬਾਈਨ ਫਿਊਲ (ATF) 'ਤੇ ਲੱਗਣ ਵਾਲੀ ਨਿਰਯਾਤ ਡਿਊਟੀ ਵਿੱਚ ਭਾਰੀ ਕਟੌਤੀ ਕਰਕੇ ਤੇਲ ਉਦਯੋਗ ਅਤੇ ਵਪਾਰ ਜਗਤ ਨੂੰ ਵੱਡੀ ਰਾਹਤ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਵਿੱਤ ਮੰਤਰਾਲੇ ਦੀਆਂ ਇਹ ਨਵੀਆਂ ਦਰਾਂ 16 ਮਈ 2026 ਤੋਂ ਪੂਰੇ ਦੇਸ਼ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਹੋ ਚੁੱਕੀਆਂ ਹਨ।ਸਰਕਾਰ ਵੱਲੋਂ ਪੈਟਰੋਲ ਦੇ ਨਿਰਯਾਤ ਉੱਤੇ ਲਗਾਇਆ ਗਿਆ 3 ਰੁਪਏ ਪ੍ਰਤੀ ਲੀਟਰ ਦਾ ਇਹ ਟੈਕਸ ਵਿਸ਼ੇਸ਼ ਵਾਧੂ ਆਬਕਾਰੀ ਚਾਰਜ (SAED - Special Additional Excise Duty) ਦੇ ਰੂਪ ਵਿੱਚ ਵਸੂਲਿਆ ਜਾਵੇਗਾ। ਆਮ ਤੌਰ 'ਤੇ 'ਵਿੰਡਫਾਲ ਟੈਕਸ' ਉਦੋਂ ਲਗਾਇਆ ਜਾਂਦਾ ਹੈ ਜਦੋਂ ਕਿਸੇ ਉਦਯੋਗ ਜਾਂ ਕੰਪਨੀਆਂ ਨੂੰ ਅੰਤਰਰਾਸ਼ਟਰੀ ਹਾਲਾਤਾਂ ਜਾਂ ਅਚਾਨਕ ਬਦਲੇ ਬਾਜ਼ਾਰ ਕਾਰਨ ਬਿਨਾਂ ਕਿਸੇ ਵਾਧੂ ਮਿਹਨਤ ਦੇ ਬਹੁਤ ਵੱਡਾ ਮੁਨਾਫਾ (Supernormal Profits) ਹੋ ਰਿਹਾ ਹੋਵੇ। ਕੇਂਦਰ ਸਰਕਾਰ ਦੇ ਇਸ ਕਦਮ ਨਾਲ ਦੇਸੀ ਪੱਧਰ 'ਤੇ ਤੇਲ ਦੀ ਸਪਲਾਈ ਨੂੰ ਮਜ਼ਬੂਤ ਰੱਖਣ ਅਤੇ ਨਿਰਯਾਤ ਰਾਹੀਂ ਕੰਪਨੀਆਂ ਦੁਆਰਾ ਕਮਾਏ ਜਾ ਰਹੇ ਅਚਾਨਕ ਮੁਨਾਫੇ 'ਤੇ ਲਗਾਮ ਲਗਾਉਣ ਦੀ ਕੋਸ਼ਿਸ਼ ਕੀਤੀ ਗਈ ਹੈ।ਇੱਕ ਪਾਸੇ ਜਿੱਥੇ ਪੈਟਰੋਲ ਦੇ ਨਿਰਯਾਤ 'ਤੇ ਟੈਕਸ ਵਧਾਇਆ ਗਿਆ ਹੈ, ਉੱਥੇ ਹੀ ਦੂਜੇ ਪਾਸੇ ਸਰਕਾਰ ਨੇ ਡੀਜ਼ਲ ਅਤੇ ਹਵਾਈ ਜਹਾਜ਼ਾਂ ਵਿੱਚ ਵਰਤੇ ਜਾਣ ਵਾਲੇ ਬਾਲਣ (ATF) ਦੇ ਨਿਰਯਾਤ ਚਾਰਜਿਜ਼ ਨੂੰ ਘਟਾ ਕੇ ਵੱਡੀ ਰਾਹਤ ਦਿੱਤੀ ਹੈ। ਮੀਡੀਆ ਰਿਪੋਰਟਾਂ ਅਤੇ ਸਰਕਾਰੀ ਅੰਕੜਿਆਂ ਮੁਤਾਬਕ:

## ਵਰ੍ਹੇਗੰਢ ਮਨਾਈ



ਪੱਤਰਕਾਰ ਮਨਦੀਪ ਸਿੰਘ ਰਾਜਨ
ਅਤੇ ਰਮਨਦੀਪ ਕੌਰ
ਨੇ ਵਿਆਹ ਦੀ ਛੇਵੀਂ
ਵਰ੍ਹੇਗੰਢ ਮਨਾਈ

## ਜਨਮਦਿਨ ਮੁਬਾਰਕ



ਪਰਮਵੀਰ ਸਿੰਘ
ਪਿਤਾ- ਮਨਦੀਪ ਸਿੰਘ ਰਾਜਨ
ਮਾਤਾ- ਰਮਨਦੀਪ ਕੌਰ
ਤਰਨਤਾਰਨ

## ਸਵੇਰ ਸੁਨੇਹਾ



ਸ਼ਾਇਦ ਸੰਨ 1997 ਦੀ ਗੱਲ ਹੈ ਸਾਡੀ ਆਪਣੀ ਸਰਕਾਰ ਆਈ ਜਿਸ ਨੇ ਆਟਾ ਦਾਲ ਸਕੀਮ ਤਹਿਤ ਮਿਹਨਤਕਸ਼ ਲੋਕਾਂ ਨੂੰ ਮੁਫ਼ਤ ਭੋਜਨ ਦੇ ਕੇ ਵਿਹਲੜ ਬਣਾ ਦਿੱਤਾ। ਫਿਰ ਦੂਸਰੀ ਪਾਰਟੀ ਦੀ ਸਰਕਾਰ ਬਣਨ 'ਤੇ ਲੋਕਾਂ ਨੂੰ ਬੁੱਧੂ ਬਣਾਉਣ ਲਈ ਮੁਫ਼ਤ ਰਾਸ਼ਨ ਪਾਣੀ ਵਿੱਚ ਵਾਧਾ ਕਰਕੇ ਜ਼ਿਆਦਾ ਨਿਕੰਮੇ ਸਾਬਤ ਕਰਨ ਲਈ ਵਚਨਬੱਧਤਾ ਅਪਨਾਉਣ ਦਾ ਉਪਰਾਲਾ ਕੀਤਾ ਪਰੰਤੂ ਕਿਸੇ ਨੂੰ ਮਿਲਿਆ ਕੁੱਝ ਨਹੀਂ। ਉਹ ਚਲਦੇ ਬਣੇ।
ਬਦਲਾਅ ਦੀ ਸਰਕਾਰ ਆ ਗਈ। ਚਾਰ ਸਾਲਾਂ ਤੋਂ ਕਿਸੇ ਨੂੰ ਪੁੱਛਣਾ ਠੀਕ ਨਹੀਂ ਸਮਝਿਆ। ਪੰਜਵਾਂ ਸਾਲ ਸ਼ੁਰੂ ਹੁੰਦੇ ਹੀ ਮੁਫ਼ਤ ਰਾਸ਼ਨ ਵਿੱਚ ਦੋ ਕਿੱਲੋ ਲੂਣ ਦਾ ਵਾਧਾ ਕਰਕੇ ਪਹਿਲੀਆਂ ਸਰਕਾਰਾਂ ਵੱਲੋਂ ਦਿੱਤੇ ਜ਼ਖ਼ਮਾਂ 'ਤੇ ਲੂਣ ਭੁੱਕਣ ਦਾ ਕੰਮ ਕਰ ਰਹੀ ਹੈ।
ਗੁਰਮੀਤ ਸਿੰਘ ਸਿੱਧੂ ਫਰੀਦਕੋਟ।
8146593089

## ਜ਼ਿੰਦਗੀ ਬਦਲਣ ਵਾਲੇ ਅਣਮੁੱਲੇ ਵਿਚਾਰ



**ਘੁਣਤਰ**
ਘੁਣਤਰੀ ਬਣੇ ਰਹੋਂਗੇ ਤਾਂ ਹਮੇਸ਼ਾ ਪੁੱਠਾ ਹੀ ਸੋਚੋਂਗੇ। ਤਰੱਕੀ ਕਰਨੀ ਆ ਤਾਂ ਘੁਣਤਰਾਂ ਦਾ ਖਿਆਲ ਤਿਆਗੋ॥ ਘੁਣਤਰ ਕਰਨ ਦੀ ਆਦਤ ਪੈ ਗਈ ਤਾਂ ਬੰਦਾ ਸਹੀ 'ਚੋਂ ਵੀ ਨੁਕਸ ਕੱਢਣ ਦੇ ਰਾਹ ਤੁਰ ਪੈਂਦੈ। ਸਾਥੀ ਘਟਦੇ ਜਾਂਦੇ ਨੇ।ਸੁਭਾਅ ਚਿੜਚਿੜਾ ਬਣਦਾ ਜਾਂਦੈ॥ ਘੁਣਤਰੀ ਦੇ ਹਿੱਸੇ ਜ਼ਿੰਦਗੀ ਦਾ ਆਨੰਦ ਨਹੀਂ ਆਉਂਦਾ। ਊਰਜਾ ਪੁੱਠੇ ਪਾਸੇ ਲੱਗਦੀ ਜਾਂਦੀ ਹੈ॥

**ਚਰਚਿੱਤ...**
ਹੇਰਾ ਫੇਰੀ ਜਾਂ ਹੋਛੀਆਂ ਹਰਕਤਾਂ ਨਾਲ ਚਰਚਿੱਤ ਹੋਣ ਨਾਲੋਂ ਹੱਕ ਹਲਾਲ ਦੀ ਰੁੱਖੀ ਮਿੱਸੀ ਵੱਧ ਸੁਆਦੀ ਲਗਦੀ ਹੈ॥ ਸਧਾਰਨ ਕੰਮ ਨੂੰ ਵੱਖਰੇ ਅੰਦਾਜ਼ 'ਚ ਕਰਨ ਵਾਲਾ ਲਗਾਤਾਰ ਚਰਚਾ 'ਚ ਰਹਿਣ ਲੱਗ ਪੈਂਦੈ। ਸਿਰਜਣ ਪ੍ਰਕਿਰਿਆ ਚਰਚਾ ਦਾ ਵਿਸ਼ਾ ਬਣੀ ਰਹਿੰਦੀ ਹੈ॥ ਮਨੁੱਖਤਾ ਦੀ ਸੇਵਾ ਕਰਦਾ ਮਿਸ਼ਨਰੀ ਵਿਅਕਤੀ ਚਰਚਾ ਵਾਲੇ ਮਸਲਿਆਂ ਤੋਂ ਦੂਰ ਰਹਿਣਾ ਹੀ ਠੀਕ ਸਮਝਦੈ॥
ਦਰਸ਼ਨ ਸਿੰਘ ਬਰੇਟਾ
ਪ੍ਰਿੰਸੀਪਲ/ ਜਿਲਾ ਆਰਗੇਨਾਈਜ਼ਿੰਗ ਕਮਿਸ਼ਨਰ ਮਾਨਸਾ।

## ਰਿਸ਼ਤੇ- ਜ਼ਿੰਦਗੀ ਦਾ ਅਸਲ ਸਰਮਾਇਆ



ਜ਼ਿੰਦਗੀ ਦਾ ਸਫ਼ਰ ਕਦੇ ਵੀ ਇਕੱਲਿਆਂ ਤੈਅ ਨਹੀਂ ਹੁੰਦਾ, ਇਸ ਨੂੰ ਖ਼ੂਬਸੂਰਤ ਅਤੇ ਸਕੂਨਦਾਇਕ ਬਣਾਉਣ ਲਈ ਰਿਸ਼ਤਿਆਂ ਦੀ ਛਾਂ ਬਹੁਤ ਜ਼ਰੂਰੀ ਹੈ। ਰਿਸ਼ਤੇ ਸਿਰਫ਼ ਖ਼ੂਨ ਦੇ ਨਹੀਂ ਹੁੰਦੇ, ਸਗੋਂ ਇਹ ਤਾਂ ਰੂਹਾਂ ਦੀ ਉਹ ਪਵਿੱਤਰ ਸਾਂਝ ਹੁੰਦੇ ਹਨ ਜੋ ਸਾਡੇ ਹਰ ਦੁੱਖ-ਸੁੱਖ ਵਿੱਚ ਸਾਡਾ ਪਰਛਾਵਾਂ ਬਣ ਕੇ ਤੁਰਦੇ ਹਨ। ਜਿਵੇਂ ਪਾਣੀ ਤੋਂ ਬਿਨਾਂ ਰੁੱਖ ਸੁੱਕ ਜਾਂਦੇ ਹਨ, ਉਸੇ ਤਰ੍ਹਾਂ ਪਿਆਰ, ਆਪਸੀ ਸਤਿਕਾਰ ਅਤੇ ਅਪਣੱਤ ਤੋਂ ਬਿਨਾਂ ਜ਼ਿੰਦਗੀ ਵੀ ਬਿਲਕੁਲ ਬੇਰੰਗ ਹੋ ਜਾਂਦੀ ਹੈ। ਜਦੋਂ ਅਸੀਂ ਆਪਣੀ ਹਉਮੈ ਨੂੰ ਲਾਂਭੇ ਰੱਖ ਕੇ, ਇੱਕ-ਦੂਜੇ ਦੀਆਂ ਭਾਵਨਾਵਾਂ ਦੀ ਦਿਲੋਂ ਕਦਰ ਕਰਦੇ ਹਾਂ ਅਤੇ ਔਖੇ ਵੇਲੇ ਬਿਨਾਂ ਕਿਸੇ ਸੁਆਰਥ ਦੇ ਇੱਕ-ਦੂਜੇ ਦਾ ਸੱਚਾ ਸਹਾਰਾ ਬਣਦੇ ਹਾਂ, ਤਾਂ ਇਹ ਦੋ ਪਲ ਦੀ ਜ਼ਿੰਦਗੀ ਸੱਚਮੁੱਚ ਇੱਕ ਮਹਿਕਦਾ ਬਾਗ਼ ਬਣ ਜਾਂਦੀ ਹੈ। ਅਖ਼ੀਰ ਵਿੱਚ, ਜਦੋਂ ਵਕਤ ਦੀ ਕਿਤਾਬ ਬੰਦ ਹੁੰਦੀ ਹੈ ਤਾਂ ਸਾਡੇ ਨਾਲ ਸਾਡੀਆਂ ਕਮਾਈਆਂ ਹੋਈਆਂ ਦੌਲਤਾਂ ਨਹੀਂ ਜਾਂਦੀਆਂ, ਸਗੋਂ ਸਾਡੇ ਵੱਲੋਂ ਕਮਾਏ ਹੋਏ ਰਿਸ਼ਤੇ, ਆਪਣਿਆਂ ਨੂੰ ਦਿੱਤਾ ਹੋਇਆ ਵਕਤ ਅਤੇ ਵੰਡਿਆ ਹੋਇਆ ਨਿਰਸਵਾਰਥ ਪਿਆਰ ਹੀ ਪਿੱਛੇ ਲੋਕਾਂ ਦੇ ਦਿਲਾਂ ਵਿੱਚ ਹਮੇਸ਼ਾ ਜਿਉਂਦਾ ਰਹਿੰਦਾ ਹੈ।
ਸਨਦੀਪ ਸਿੱਧੂ - 9463661542

# ਮਰ ਮਰ ਕੇ ਮਨਾਉਣ ਵਿੱਚ ਵਕਤ ਨਹੀਂ ਬਰਬਾਦ ਕਰਨਾ ਚਾਹੀਦਾ



ਮਨਦੀਪ ਕੌਰ ਟਾਂਗਰਾ
www.calendly.com/tangra


ਮਰ ਮਰ ਕੇ ਮਨਾਉਣ ਵਿੱਚ ਵਕਤ ਨਹੀਂ ਬਰਬਾਦ ਕਰਨਾ ਚਾਹੀਦਾ। ਸਾਡੇ ਤੋਂ ਪਿੱਛਾ ਛੁਡਾ ਰਹੇ ਲੋਕਾਂ ਨੂੰ ਅਸੀਂ ਕਈ ਵਾਰ ਝੁੱਕ ਝੁੱਕ ਕੇ ਮਨਾਉਣ ਲਈ ਵੀ ਆਪਣਾ ਆਪ ਸੁੱਟ ਲੈਂਦੇ ਹਾਂ। ਅਸੀਂ ਆਪਣੇ ਆਪ ਨੂੰ ਸਹੀ ਤੇ ਚੰਗਾ ਸਾਬਤ ਕਰਨ ਦਾ ਸਵਾਰਥ ਪੂਰਾ ਕਰਦੇ ਹਾਂ। ਅਸਲ ਨਿਰਸਵਾਰਥ ਉਹੀ ਹੈ ਜਿਸ ਨੂੰ ਇਹ ਵੀ ਸਵਾਰਥ ਨਹੀਂ ਕਿ ਉਸ ਨੂੰ ਕੋਈ ਚੰਗਾ ਕਹੇ।
ਪਿਆਰੇ ਅਤੇ ਨਿਮਰ ਬੰਦੇ ਨੂੰ ਆਪਣੇ ਪਿਆਰ ਕਰਨ ਵਾਲੇ ਸੁਭਾਅ ਤੇ ਮਾਣ ਹੁੰਦਾ ਹੈ ਕਿ ਸ਼ਾਇਦ ਉਹ ਸ਼ਹਿਦ ਵਰਗੇ ਬੋਲ, ਕੋਮਲ ਅਤੇ ਸਾਫ਼ ਦਿਲ ਨਾਲ ਕਿਸੇ ਦਾ ਵੀ ਦਿਲ ਜਿੱਤ ਸਕਦਾ ਹੈ, ਅਤੇ ਉਸ ਨੂੰ ਸਮਝਾ ਸਕਦਾ ਹੈ ਮੋੜ ਸਕਦਾ ਹੈ। ਐਸੇ ਜੰਜਾਲ ਵਿੱਚੋਂ ਆਪਣੇ ਆਪ ਨੂੰ ਬਾਹਰ ਕੱਢੋ।
ਤੁਹਾਨੂੰ ਇਹ ਮੰਨਣਾ ਪਇਗਾ ਕਿ ਤੁਸੀਂ ਰੱਬ ਨਹੀਂ, ਰੱਬ ਦਾ ਬਣਾਇਆ ਇੱਕ ਸਿਰਫ਼ ਕਣ ਹੋ, ਜੋ ਹਰ ਕਿਸੇ ਨੂੰ ਖੁਸ਼ ਨਹੀਂ ਰੱਖ ਸਕਦਾ। ਆਪਣੀ ਜਾਨ ਦੇ ਕੇ ਵੀ ਨਹੀਂ। ਲੋਕ ਤੁਹਾਨੂੰ ਪਿਆਰ ਕਰਨ ਵਾਲਾ ਨਹੀਂ ਸਗੋਂ ਨਾਸਮਝ ਸਮਝਣਗੇ। ਜ਼ਿਆਦਾ ਚੰਗੇ ਇਨਸਾਨ ਨਾਲ ਲੋਕ ਸਾਰੀ ਉਮਰ ਵਰਤਦੇ ਘੱਟ, ਉਸਨੂੰ ਵਰਤਦੇ ਵੱਧ ਹਨ ਆਪਣਾ ਮਤਲਬ ਕੱਢਦੇ ਹਨ।
ਪਿਆਰ ਕਰਨ ਵਾਲੇ ਪਿਆਰੇ ਇਨਸਾਨ ਨੂੰ ਇਹ ਮੰਨਣਾ ਪਵੇਗਾ ਕਿ ਉਹ ਮੋਹ ਨਾਲ ਵੀ ਕਿਸੇ ਜ਼ਿੱਦੀ ਅਤੇ ਦੂਸਰਿਆਂ ਦੀ ਭਾਵਨਾਵਾਂ ਨਾ ਸਮਝਣ ਵਾਲੇ ਇਨਸਾਨ ਨੂੰ ਕਦੇ ਠੀਕ ਨਹੀਂ ਕਰ ਸਕਦਾ। ਜ਼ਿੰਦਗੀ ਵਿੱਚ ਸਿਰਫ਼ ਉਹ ਇਨਸਾਨ ਚੁਣੋ ਜੋ ਪਿਆਰ ਦੇ ਬਦਲੇ ਤੁਹਾਨੂੰ ਪਿਆਰ ਕਰਨ, ਇੱਜ਼ਤ ਬਦਲੇ ਇੱਜ਼ਤ ਦੇਣ, ਵਿਸ਼ਵਾਸ ਬਦਲੇ ਵਿਸ਼ਵਾਸ ਕਰਨ। ਲਾਲ ਝੰਡਿਆਂ ਨੂੰ ਕਦੇ ਨਜ਼ਰਅੰਦਾਜ਼ ਨਾ ਕਰੋ।
- ਮਨਦੀਪ ਕੌਰ ਟਾਂਗਰਾ

# ਖਲੀਲ ਜਿਬਰਾਨ ਦੀ ਇੱਕ ਪ੍ਰਸਿੱਧ ਕਹਾਣੀ ਹੈ ਕਿ ਮੈਂ ਲੰਘ ਰਿਹਾ ਸੀ ਇੱਕ ਖੇਤ ਦੇ ਕੋਲੋਂ ਅਤੇ ਮੈਂ ਉੱਥੇ ਇੱਕ ਬਣਾਉਟੀ ਬੰਦੇ (ਡਰਨੇ) ਨੂੰ ਖੜ੍ਹਾ ਵੇਖਿਆ।




ਖਲੀਲ ਜਿਬਰਾਨ ਦੀ ਇੱਕ ਪ੍ਰਸਿੱਧ ਕਹਾਣੀ ਹੈ ਕਿ ਮੈਂ ਲੰਘ ਰਿਹਾ ਸੀ ਇੱਕ ਖੇਤ ਦੇ ਕੋਲੋਂ ਅਤੇ ਮੈਂ ਉੱਥੇ ਇੱਕ ਬਣਾਉਟੀ ਬੰਦੇ (ਡਰਨੇ) ਨੂੰ ਖੜ੍ਹਾ ਵੇਖਿਆ।
ਮੀਂਹ ਹੋਵੇ, ਧੁੱਪ ਹੋਵੇ ਜਾਂ ਸਰਦੀ, ਇਹ ਵਿਚਾਰਾ ਇੱਕ ਚੌਕੰਨੇ ਪਹਿਰੇਦਾਰ ਵਾਂਗ ਖੜ੍ਹਾ ਰਹਿੰਦਾ ਹੈ। ਨਾ ਥੱਕਦਾ, ਨਾ ਅੱਕਦਾ, ਨਾ ਬੈਠਦਾ, ਨਾ ਆਰਾਮ ਕਰਦਾ ਅਤੇ ਨਾ ਹੀ ਲੇਟਦਾ। ਅਥੱਕ ਉਸ ਦੀ ਸਾਧਨਾ ਹੈ; ਮਹਾਯੋਗੀ ਹੈ।
ਤਾਂ ਮੈਂ ਪੁੱਛਿਆ ਕਿ ਕੀ ਤੂੰ ਕਦੇ ਥੱਕਦਾ ਨਹੀਂ? ਭਰਾਵਾ, ਕਦੇ ਆਰਾਮ ਵੀ ਕਰਦਾ ਹੈਂ? ਤੂੰ ਅੱਕਦਾ ਨਹੀਂ? ਇਹੋ ਜਗ੍ਹਾ, ਉਹੀ ਕੰਮ, ਰੋਜ਼ ਸਵੇਰ-ਸ਼ਾਮ, ਦਿਨ-ਰਾਤ, ਕਦੇ ਤਾਂ ਬੋਰੀਅਤ ਹੁੰਦੀ ਹੋਵੇਗੀ?
ਉਹ ਖੇਤ ਵਿੱਚ ਖੜ੍ਹਾ ਬਣਾਉਟੀ ਆਦਮੀ ਹੱਸਣ ਲੱਗਾ ਅਤੇ ਕਹਿਣ ਲੱਗਾ ਕਿ ਪਸ਼ੂ-ਪੰਛੀਆਂ ਨੂੰ ਭਜਾਉਣ ਵਿੱਚ ਅਜਿਹਾ ਮਜ਼ਾ ਆਉਂਦਾ ਹੈ, ਡਰਾਉਣ ਵਿੱਚ ਅਜਿਹਾ ਆਨੰਦ ਮਿਲਦਾ ਹੈ ਕਿ ਅੱਕਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ? ਦੂਜਿਆਂ ਨੂੰ ਡਰਾਉਣ ਦਾ ਆਪਣਾ ਹੀ ਇੱਕ ਮਜ਼ਾ ਹੈ!
ਰਾਜਨੀਤੀ ਵੀ ਉਹੀ ਮਜ਼ਾ ਹੈ। ਦੂਜਿਆਂ 'ਤੇ ਹਾਵੀ ਹੋਣ ਦਾ ਇੱਕ ਵੱਖਰਾ ਹੀ ਆਨੰਦ ਹੈ! ਤੁਸੀਂ ਕਿਸੇ ਰਾਜਨੇਤਾ ਨੂੰ ਦੇਖੋ, ਉਹ ਹਮੇਸ਼ਾ ਖ਼ੁਸ਼ ਨਜ਼ਰ ਆਉਂਦਾ ਹੈ। ਹਜ਼ਾਰਾਂ ਮੁਸੀਬਤਾਂ ਅਤੇ ਝਮੇਲਿਆਂ ਦੇ ਹੁੰਦੇ ਵੀ ਉਹ ਤਰੋ ਤਾਜ਼ਾ ਲੱਗਦਾ ਹੈ। ਰਾਜਨੇਤਾ ਲੰਬੀ ਉਮਰ ਜਿਊਂਦੇ ਹਨ।
ਕਿਸੇ ਹੋਰ ਕਾਰਨ ਕਰਕੇ ਨਹੀਂ, ਦੂਜਿਆਂ ਨੂੰ ਡਰਾਉਣ ਦਾ ਮਜ਼ਾ, ਧਮਕਾਉਣ ਦਾ ਮਜ਼ਾ! ਉਹ ਮਰਨਾ ਹੀ ਨਹੀਂ ਚਾਹੁੰਦੇ, ਜਿਊਂਦੇ ਹੀ ਰਹਿਣਾ ਚਾਹੁੰਦੇ ਹਨ। ਇਹ ਮਜ਼ਾ ਉਨ੍ਹਾਂ ਤੋਂ ਛੱਡਿਆ ਨਹੀਂ ਜਾਂਦਾ।
ਜਿਵੇਂ ਹੀ ਕੋਈ ਰਾਜਨੇਤਾ ਅਹੁਦੇ ਤੋਂ ਉਤਰਦਾ ਹੈ, ਕਿ ਬਸ, ਉਸ ਦੀ ਜੀਵਨ-ਊਰਜਾ ਘਟਣ ਲੱਗਦੀ ਹੈ। ਜਦੋਂ ਤੱਕ ਉਹ ਅਹੁਦੇ 'ਤੇ ਹੁੰਦਾ ਹੈ, ਉਸ ਦੀ ਜੀਵਨ-ਸ਼ਕਤੀ ਪੂਰੀ ਤਰ੍ਹਾਂ ਪ੍ਰਗਟ ਹੁੰਦੀ ਹੈ।
ਇਹ ਸਭ ਬਣਾਉਟੀ ਬੰਦੇ ਹਨ, ਖੇਤਾਂ ਵਾਲੇ ਡਰਨੇ ਹਨ। ਹੁਣ ਭਲਾ ਖੇਤ ਵਿੱਚ ਡਰਾਉਣ ਲਈ ਕੋਈ ਅਸਲੀ ਆਦਮੀ ਖੜ੍ਹਾ ਕਰਨਾ ਜ਼ਰੂਰੀ ਹੈ, ਬਸ ਆਦਮੀ ਅਸਲੀ ਹੋਣ ਦਾ ਭੁਲੇਖਾ ਜ਼ਰੂਰ ਹੋਣਾ ਚਾਹੀਦਾ ਹੈ। ਪਸ਼ੂ-ਪੰਛੀਆਂ ਨੂੰ ਅਜਿਹਾ ਲੱਗਣਾ ਚਾਹੀਦਾ ਹੈ ਕਿ ਇਹ ਅਸਲੀ ਹੈ। ਇਸ ਲਈ ਗਾਂਧੀ ਟੋਪੀ, ਖਾਦੀ ਦਾ ਕੁੜਤਾ, ਸ਼ੇਰਵਾਨੀ ਅਤੇ ਚਮਕਦੇ ਜੁੱਤੇ— ਇੰਨਾ ਹੀ ਕਾਫ਼ੀ ਹੈ।
ਰਾਜਨੀਤੀ ਵਿੱਚ ਸੱਚ ਕਦੇ ਨਹੀਂ ਜਿੱਤਦਾ, ਕਦੇ ਵੀ ਨਹੀਂ। ਅਤੇ ਕਦੇ ਜਿੱਤੇਗਾ ਵੀ ਨਹੀਂ। ਜਿਸ ਦਿਨ ਰਾਜਨੀਤੀ ਵਿੱਚ ਸੱਚ ਜਿੱਤਣ ਲੱਗ ਪਿਆ, ਉਸ ਦਿਨ ਰਾਜਨੀਤੀ 'ਰਾਜਨੀਤੀ' ਨਹੀਂ ਰਹਿ ਜਾਵੇਗੀ, ਉਹ 'ਨੀਤੀ' ਬਣ ਜਾਵੇਗੀ— ਸਿਰਫ਼ ਨੀਤੀ, ਸ਼ੁੱਧ ਨੀਤੀ।
ਉਸ ਦਿਨ ਦੁਨੀਆ ਤੋਂ ਰਾਜਨੀਤੀ ਵਿਦਾ ਹੋ ਜਾਵੇਗੀ। ਉਸ ਦਿਨ ਸਿਰਫ਼ ਧਰਮ ਹੋਵੇਗਾ। ਪਰ ਉਦੋਂ ਰਾਜਨੀਤੀ ਦੀ ਵਿਆਖਿਆ ਹੋਰ ਹੋਵੇਗੀ, ਉਸ ਦੀ ਗੁਣਵੱਤਾ ਹੋਰ ਹੋਵੇਗੀ— ਉਸ ਵਿੱਚ ਰੂਹਾਨੀਅਤ ਹੋਵੇਗੀ। ਪਰ ਇਹ ਉਮੀਦ ਕਰਨਾ ਲਗਭਗ ਇੱਕ ਝੂਠਾ ਦਿਲਾਸਾ ਜਿਹਾ ਹੈ; ਅਜਿਹਾ ਹੋ ਨਹੀਂ ਸਕੇਗਾ।
— ਓਸ਼ੋ 🍀(ਅਨੁਵਾਦ: #ਮੀਤ_ਅਨਮੋਲ)

# ਅੰਮੀ ਤੁਰ ਗਿਆਂ ਨੂੰ ਰੋਂਦੀ ਏ ਜਹਾਨੋਂ ਤੁਰ ਗਿਆਂ ਨੂੰ



ਅੰਮੀ ਤੁਰ ਗਿਆਂ ਨੂੰ ਰੋਂਦੀ ਏ
ਜਹਾਨੋਂ ਤੁਰ ਗਿਆਂ ਨੂੰ
ਉਹਦਾ ਅੱਬਾ
ਉਹਦੀ ਅੰਮੀ
ਉਹਦੀ ਆਪਾ...ਸਭ ਤੁਰ ਗਏ
ਅੰਮੀ ਰੋਜ਼ ਰੋਂਦੀ ਏ
ਕਦੇ ਦਿਲ ਕਰਦਾ ਤਾਂ ਬੂਹੇ ਬਹਿ ਕੇ
ਤੁਰ ਗਿਆਂ ਦੇ ਵੈਣ ਪਾ ਲੈਂਦੀ ਏ
ਵਿਹੜੇ ਵਿੱਚ ਰੋਂਦੀ ਨੂੰ ਸੁਣ
ਆ ਜਾਂਦੀ ਏ...ਸਲੀਮਾਂ
ਉਹਦੀ ਦਰਦਾਂ ਦੀ ਹਮਰਾਜ਼
ਹੌਲ਼ੀ ਹੌਲ਼ੀ ਰੋ ਕੇ ਹੌਲ਼ੀ ਹੋਈ ਅੰਮੀ
ਮੁੜ ਜੁਟ ਜਾਂਦੀ ਏ
ਸਾਡੇ ਲਈ ਮੰਨ ਪਕਾਉਣ
ਲੀੜੇ ਲੱਤੇ ਧੋਣ
ਹੱਸਦੀ ਵੀ ਏ
ਬੋਲੀਆਂ ਵੀ ਪਾਉਂਦੀ ਏ
ਗਿੱਧੇ 'ਚ ਫੜ੍ਹੂਹਾ ਵੀ ਬੁਲਾਉਂਦੀ ਏ
ਕੀ ਕੀ ਨਹੀਂ ਕਰਦੀ... ਹੌਲ਼ੀ ਹੋ ਕੇ!
ਹਾਂ! ਹੌਲ਼ੀ ਹੋ ਕੇ!!
ਉਹ ਜਾਣਦੀ ਏ ਨਾ
ਕਿ ਸੀਨੇ ਚੋਂ
ਅੱਗ ਦੇ ਭਾਂਬੜ ਕੱਢਿਆਂ
ਕਾਲਜਾ ਧੁਖ਼ਦਾ ਨਹੀਂ....
✍🏻 ਜਸ ਜੀਤ

# ਜਿੰਨਾ ਸਮਾਂ ਤੁਸੀ ਭੀੜ ਤੋਂ ਅਲੱਗ ਨਹੀਂ ਹੁੰਦੇ ਤੁਹਾਡੀ ਕੋਈ ਵੀ ਪਹਿਚਾਣ ਨਹੀਂ ਬਣ ਸਕਦੀ



ਜਿੰਨਾ ਸਮਾਂ ਤੁਸੀ ਭੀੜ ਤੋਂ ਅਲੱਗ ਨਹੀਂ ਹੁੰਦੇ

ਤੁਹਾਡੀ ਕੋਈ ਵੀ ਪਹਿਚਾਣ ਨਹੀਂ ਬਣ ਸਕਦੀ ਬੱਸ ਤੁਸੀ ਸਿਰਫ਼ ਤੇ ਸਿਰਫ਼ ਭੀੜ ਦਾ ਹਿੱਸਾ ਬਣ ਕੇ ਰਹਿ ਜਾਓਗੇ । ਰਾਬਰਟ ਗ੍ਰੀਨ ਨੇ ਮਨੁੱਖ ਦੇ ਦਿਮਾਗ ਨੂੰ ਬਹੁਤ ਡੂੰਘਾਈ ਤੱਕ ਸਮਝਿਆ ਹੈ । ਇਸ ਕਰਕੇ ਹੁਣ ਤੱਕ ਉਸਨੇ ਜਿੰਨੀਆਂ ਵੀ ਕਿਤਾਬਾਂ ਲਿਖੀਆਂ ਹਨ ਉਹਨਾਂ ਦਾ ਕੋਈ ਤੋੜ ਨਹੀ ਹੈ । ਸਭ ਤੋ ਪਹਿਲਾ ਉਹਨਾਂ ਦੀ ਕਿਤਾਬ ਸ਼ਕਤੀ ਦੇ 48 ਨੇਮ (48 law's of power) ਪੰਜਾਬੀ ਵਿੱਚ ਆਈ ਤੇ ਉਹ ਕਿਤਾਬ ਜਿਸਨੇ ਨੇ ਪੜ੍ਹੀ ਹੈ ਉਸਨੂੰ ਪਤਾ ਵੀ ਰਾਬਰਟ ਗ੍ਰੀਨ ਖੁਦ ਹੀ ਭੀੜ ਤੋਂ ਪਾਸੇ ਨਹੀਂ ਖੜਾ ਸਗੋ ਉਹ ਆਪਣੇ ਪਾਠਕ ਨੂੰ ਵੀ ਦੁਨੀਆਂ ਦੀ ਇਸ ਭੀੜ ਤੋਂ ਬਾਹਰ ਕੱਢ ਦਿੰਦਾ । ਜਿਸ ਤਰ੍ਹਾਂ ਸ਼ਕਤੀ ਦੇ 48 ਨੇਮ ਕਿਤਾਬ ਤੁਹਾਨੂੰ ਪਾਵਰ ਵਿੱਚ ਰਹਿਣਾ ਸਿਖਾਉਂਦੀ ਹੈ ਉਸ ਤਰ੍ਹਾਂ ਹੀ ਇਹ ਕਿਤਾਬ ਤੁਹਾਨੂੰ ਆਪਣੇ ਤੇ ਸਾਹਮਣੇ ਵਾਲੇ ਮਨੁੱਖ ਦੇ ਦਿਮਾਗ ਨੂੰ ਪੜ੍ਹਨਾ ਸਿਖਾਉਂਦੀ ਹੈ। ਇਹ ਕਿਤਾਬ ਨੂੰ ਪੜ੍ਹਨ ਤੋਂ ਬਾਦ ਤੁਹਾਨੂੰ ਕੋਈ ਆਪਣੇ ਫਾਇਦੇ ਲਈ ਨਹੀਂ ਵਰਤ ਸਕਦਾ।
ਇਹ ਕਿਤਾਬ ਵਿੱਚ 18 ਨਿਯਮ ਹਨ ਤੇ ਜਦੋਂ ਤੁਸੀ ਕਿਤਾਬ ਪੜ੍ਹੋਗੇ ਤਾਂ ਤੁਹਾਨੂੰ ਪਤਾ ਲੱਗੇਗਾ ਕਿ 18 ਵਿੱਚੋਂ ਅਸੀਂ ਇੱਕ ਜਾਂ ਦੋ ਵੀ ਆਪਣੀ ਜ਼ਿੰਦਗੀ ਵਿੱਚ ਲਾਗੂ ਨਹੀਂ ਕਰਦੇ। ਇਹ 18 ਨਿਯਮ ਮਨੁੱਖ ਦੀ ਆਪਣੇ ਆਪ ਨਾਲ ਪਹਿਚਾਣ ਕਰਵਾਉਂਦੇ ਹਨ । ਜੇਕਰ ਤੁਸੀ ਆਪਣੇ ਆਪ ਨੂੰ ਪਹਿਚਾਣ ਲਿਆ ਤਾਂ ਫੇਰ ਅੱਗੇ ਕੁੱਝ ਨਹੀਂ ਰਹਿ ਜਾਂਦਾ। ਇਹ ਉਹੀ ਸਟੇਜ ਹੁੰਦੀ ਜਿੱਥੇ ਇੱਕ ਇਨਸਾਨ ਭੀੜ ਤੋਂ ਅਲੱਗ ਹੋ ਕੇ ਆਪਣਾ ਰਸਤਾ ਚੁਣਦਾ ਤੇ ਲੋਕਾਂ ਲਈ ਇੱਕ ਉਦਾਹਰਣ ਪੇਸ਼ ਕਰਦਾ ਹੈ ।
ਇਹ ਕਿਤਾਬ ਦੇ 18 ਨਿਯਮ ਨੂੰ ਪੜ੍ਹਨ ਲਈ ਮੈਨੂੰ 18 ਹੀ ਦਿਨ ਲੱਗੇ । ਪਰ ਸੱਚਮੁੱਚ ਇਹ ਕਿਸੇ ਸਫ਼ਰ ਨਾਲੋ ਘੱਟ ਨਹੀਂ ਸੀ । ਮੁਸਾਫਿਰ ਵੀ ਮੈ ਖੁਦ ਸੀ ਤੇ ਮੰਜ਼ਿਲ ਮੇਰਾ ਮਨ ਸੀ ।
ਕਿਤਾਬ ਦੀ ਕੀਮਤ 425
ਘਰ ਬੈਠੇ ਪਾਰਸਲ ਰਾਹੀ ਕਿਤਾਬ ਮੰਗਵਾਉਣ ਲਈ 083070 07508 ਤੇ whats app ਰਾਹੀਂ ਸੁਨੇਹਾ ਭੇਜੋ।

**ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ**

## ਰਾਂਝਾ ਤਖ਼ਤ ਹਜ਼ਾਰਿਓਂ ਟੁਰੇ ਤੇ ਸਹੀ, ਪੈਰਾਂ ਹੇਠ ਸਿਆਲਾਂ ਦਾ ਝੰਗ ਆਵੇ



ਰਾਂਝਾ ਤਖ਼ਤ ਹਜ਼ਾਰਿਓਂ ਟੁਰੇ ਤੇ ਸਹੀ,
ਪੈਰਾਂ ਹੇਠ ਸਿਆਲਾਂ ਦਾ ਝੰਗ ਆਵੇ ।
ਉਸਤਾਦ ਦਾਮਨ

ਇਹ ਤਸਵੀਰ ਲਾਹੌਰ ਦੇ ਸ਼ਾਲੀਮਾਰ ਬਾਗ਼ ਦੇ ਕੋਲ ਬਾਗ਼ਬਾਨਪੁਰਾ ਮੁਹੱਲੇ ਵਿੱਚ " ਦਰਬਾਰ ਹਜ਼ਰਤ ਸਖ਼ੀ ਮਾਧੋ ਲਾਲ ਹੁਸੈਨ" ਦੇ ਅੰਦਰਵਾਰ ਦਰਬਾਰ ਦੇ ਬਾਹਰ ਸੱਜੇ ਹੱਥ ਬਣੀ ਕਬਰ ਦੀ ਹੈ। ਇਹ ਕਬਰ ਸ਼ਾਇਰ ਉਸਤਾਦ ਦਾਮਨ ਦੀ ਹੈ। ਲੋਕਾਈ ਦਾ ਵੱਡਾ ਲੱਜਪਾਲ ਸ਼ਾਇਰ

ਵਿਹੜੇ ਇਲਮ ਦੇ ਅਦਬ ਦੇ ਨਾਲ ਜਾਈਏ,
ਕਦਮ ਨਾਲ ਮੁਹੱਬਤਾਂ ਧਰੀ ਦੇ ਨੇ ।
ਜੇਕਰ ਦਿਲ ਨੂੰ ਇਲਮ ਦੀ ਪਿਆਸ ਹੋਵੇ,
ਬੱਸ ਮੁੱਦਤਾਂ ਤਕ ਪਾਣੀ ਭਰੀ ਦੇ ਨੇ ।
ਵਾਹਗੇ ਨਾਲ ਅਟਾਰੀ ਦੀ ਨਹੀਂ ਟੱਕਰ,
ਨਾ ਹੀ ਗੀਤਾ ਨਾਲ ਕੁਰਆਨ ਦੀ ਏ ।
ਨਹੀਂ ਕੁਫਰ ਇਸਲਾਮ ਦਾ ਕੋਈ ਝਗੜਾ,
ਸਾਰੀ ਗੱਲ ਇਹ ਨਫ਼ੇ ਨੁਕਸਾਨ ਦੀ ਏ।
ਜੇ ਪੰਜਾਬੀ, ਪੰਜਾਬੀ ਈ ਕੂਕਣਾ ਈਂ,
ਜਿਥੇ ਖਲਾ ਖਲੋਤਾ ਉਹ ਥਾਂ ਛੱਡ ਦੇ ।
ਮੈਨੂੰ ਇੰਝ ਲੱਗਦਾ, ਲੋਕੀਂ ਆਖਦੇ ਨੇ,
ਤੂੰ ਪੁੱਤਰਾ ਆਪਣੀ ਮਾਂ ਛੱਡ ਦੇ ।

ਪਿਛਲੇ ਵਰ੍ਹੇ ਜਨਵਰੀ ਮਹੀਨੇ ਵਿੱਚ 34ਵੀਂ ਵਰਲਡ ਪੰਜਾਬੀ ਕਾਨਫਰੰਸ ਮੌਕੇ ਉਸਤਾਦ ਦਾਮਨ ਦੀ ਕਬਰ ਤੇ ਅਕੀਦਤ ਪੇਸ਼ ਕਰਦਿਆਂ ਦੌਧਰ ਵਾਲਾ ਗਹਿਰ ਗੰਭੀਰ ਚਿੰਤਕ Sukhdev Sirsa, ਜਪਾਨ ਵਾਲਾ Sodhi Parminder, ਮਾਨਸਾ ਸਕੂਲ ਆਫ਼ ਪੋਇਟਰੀ ਵਾਲਾ Gurpreet Mansa ਚੇਤਨਾ ਪ੍ਰਕਾਸ਼ਨ ਲੁਧਿਆਣੇ ਵਾਲਾ Satish Gulati ਅਤੇ ਅੰਬਾਲਾ ਤੋਂ ਗੁਰਦੇਵ ਸਿੰਘ ਦੇਵ

## ਸੰਤਾਲੀ ਦੇ ਸੰਤਾਪੇ ਸਮੇਂ ਨੂੰ ਸਾਹਮਣੇ ਰੱਖ ਕੇ ਪ੍ਰੋਫੈਸਰ ਮੋਹਨ ਸਿੰਘ ਨੇ ਇੱਕ ਕਵਿਤਾ ਲਿਖੀ ਸੀ।



ਸੰਤਾਲੀ ਦੇ ਸੰਤਾਪੇ ਸਮੇਂ ਨੂੰ ਸਾਹਮਣੇ ਰੱਖ ਕੇ ਪ੍ਰੋਫੈਸਰ ਮੋਹਨ ਸਿੰਘ ਨੇ ਇੱਕ ਕਵਿਤਾ ਲਿਖੀ ਸੀ। ਜਿਸ ਵਿੱਚ ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਪ੍ਰਮਾਤਮਾ ਮੰਨ ਕੇ ਹਨੇਰਾ ਮਾਰਿਆ ਸੀ। ਜਿਸ ਤਰ੍ਹਾਂ ਬਾਬਰ ਬਾਣੀ ਵਿੱਚ ਗੁਰੂ ਸਾਹਿਬ ਨੇ ਰੱਬ ਨੂੰ ਉਲਾਂਭਾ ਦਿੱਤਾ ਸੀ। ਉਹ ਕਵਿਤਾ ਇਸ ਪਲੇਟਫਾਰਮ 'ਤੇ ਰੱਖ ਰਿਹਾ ਹਾਂ। ਪੜ੍ਹ ਕੇ ਆਪਣੇ ਵਿਚਾਰਾਂ ਤੋਂ ਜਾਣੂ ਕਰਵਾਉਣ ਦੀ ਕ੍ਰਿਪਾਲਤਾ ਕਰਨੀ। ਕਵਿਤਾ ਦਾ ਨਾਂ ਹੈ।

ਨਾਨਕ ਨੂੰ।
ਪ੍ਰੋ. ਮੋਹਨ ਸਿੰਘ।
ਬਾਬਾ ਤੇਰਾ ਵਤਨ ਹੈ ਵੀਰਾਨ ਹੋ ਗਿਆ,
ਰੱਬ ਦੇ ਘਰਾਂ ਦਾ ਰਾਖਾ ਮੁੜ ਸ਼ੈਤਾਨ ਹੋ ਗਿਆ!
'ਕਲਯੁੱਗ ਹੈ ਰੱਥ ਅਗਨ ਦਾ', ਤੂੰ ਆਪ ਆਖਿਆ,
ਮੁੜ ਕੂੜ ਓਸ ਰੱਥ ਦਾ, ਰਥਵਾਨ ਹੋ ਗਿਆ !
ਜੋ ਖ਼ਾਬ ਸੀ ਤੂੰ ਦੇਖਿਆ, ਵਣ ਥੱਲੇ ਸੁੱਤਿਆਂ,
ਸੋਹਣਾ ਉਹ ਤੇਰਾ ਖ਼ਾਬ ਪਰੇਸ਼ਾਨ ਹੋ ਗਿਆ!
ਉਹ ਮੱਚੇ ਤੇਰੇ ਦੇਸ਼ ਦੀ ਹਿੱਕ ਤੇ ਉਲੰਭੜੇ,
ਪੰਜ-ਪਾਣੀਆਂ ਦਾ ਪਾਣੀ ਵੀ ਹੈਰਾਨ ਹੋ ਗਿਆ!
ਉਹ ਝੁਲੀਆਂ ਤੇਰੇ ਦੇਸ਼ ਤੇ ਮਾਰੂ ਹਨੇਰੀਆਂ,
ਉਡ ਕੇ ਅਸਾਡਾ ਆਹਲਣਾ ਕੱਖ ਕਾਨ ਹੋ ਗਿਆ!
ਜੁੱਗਾਂ ਦੀ ਸਾਂਝੀ ਸੱਭਿਤਾ ਪੈਰੀਂ ਲਿਤੜ ਗਈ,
ਸਦੀਆਂ ਦੇ ਸਾਂਝੇ ਖ਼ੂਨ ਦਾ ਵੀ ਨਹਾਣ ਹੋ ਗਿਆ!
ਵੰਡ ਬੈਠੇ ਤੇਰੇ ਪੁੱਤ ਨੇ ਸਾਂਝੇ ਸਵਰਗ ਨੂੰ,
ਵੰਡਿਆ ਸਵਰਗ ਨਰਕ ਦੇ ਸਮਾਨ ਹੋ ਗਿਆ!
ਉਧਰ ਧਰਮ ਗ੍ਰੰਥਾਂ ਤੇ ਮੰਦਰਾਂ ਦਾ ਜਸ ਗਿਆ,
ਏਧਰ ਮਸੀਤੋਂ ਬਾਹਰ ਹੈ ਕੁਰਆਨ ਹੋ ਗਿਆ !
ਹਿੰਦਵਾਣੀਆਂ, ਤੁਰਕਾਣੀਆਂ ਦੋਹਾਂ ਦੀ ਪੱਤ ਗਈ
ਬੁਰਕੇ ਸੰਧੂਰ ਦੋਹਾਂ ਦਾ ਅਪਮਾਨ ਹੋ ਗਿਆ!
ਇਕ ਪਾਸੇ ਪਾਕ, ਪਾਕੀ, ਪਾਕਿਸਤਾਨ ਹੋ ਗਿਆ,
ਇਕ ਪਾਸੇ ਹਿੰਦੂ, ਹਿੰਦੀ, ਹਿੰਦੁਸਤਾਨ ਹੋ ਗਿਆ!
ਇੱਕ ਸੱਜੀ ਤੇਰੀ ਅੱਖ ਸੀ, ਇੱਕ ਖੱਬੀ ਤੇਰੀ ਅੱਖ,
ਦੋਹਾਂ ਅੱਖਾਂ ਦਾ ਹਾਲ ਤੇ ਨੁਕਸਾਨ ਹੋ ਗਿਆ!
ਕੁਝ ਐਸਾ ਕੁਫ਼ਰ ਤੋਲਿਆ ਈਮਾਨ ਵਾਲਿਆਂ,
ਕਿ ਕੁਫ਼ਰ ਤੋਂ ਵੀ ਹੌਲਾ ਹੈ ਈਮਾਨ ਹੋ ਗਿਆ!
ਮੁੜ ਮੈਦੇ ਬਾਸਮਤੀਆਂ ਦਾ ਆਦਰ ਹੈ ਵਧਿਆ,
ਮੁੜ ਕੋਧਰੇ ਦੀ ਰੋਟੀ ਦਾ ਅਪਮਾਨ ਹੋ ਗਿਆ!
ਮੁੜ ਭਾਗੋਆਂ ਦੇ ਚਾਦਰੀਂ ਛਿੱਟੇ ਨੇ ਖ਼ੂਨ ਦੇ,
ਮੁੜ ਲਾਲੋਆਂ ਦੇ ਖ਼ੂਨ ਦਾ ਨੁਚੜਾਨ ਹੋ ਗਿਆ!
ਫਿਰ ਉਚਿਆਂ ਦੇ ਮਹਿਲਾਂ ਤੇ ਸੋਨਾ ਮੜ੍ਹ ਰਿਹਾ,
ਫਿਰ ਨੀਵਿਆਂ ਦੀ ਕੁੱਲੀ ਦਾਵੀ ਵਾਹਣ ਹੋ ਗਿਆ ।
'ਉਸ ਸੂਰ ਉਸ ਗਾਊ' ਦਾ ਹੱਕ ਨਾਹਰਾ ਲਾਇਆ ਤੂੰ
ਇਹ ਹੱਕ ਪਰ ਨਿਹੱਕ ਤੋਂ ਕੁਰਬਾਨ ਹੋ ਗਿਆ!
ਮੁੜ ਗਾਉਣੇ ਪਏ ਨੇ ਮੈਨੂੰ ਸੋਹਲੇ ਖ਼ੂਨ ਦੇ,
ਪਾ ਪਾ ਕੇ ਕੁੰਗੂ ਰੱਤ ਦਾ ਰਤਲਾਨ ਹੋ ਗਿਆ!
ਤੂੰ ਰੱਬ ਨੂੰ ਵੰਗਾਰਿਆ, ਤੈਨੂੰ ਵੰਗਾਰਾਂ ਮੈ:
"ਆਇਆ ਨਾ ਤੈਂ ਕੀ ਦਰਦ ਐਨਾ ਘਾਣ ਹੋ ਗਿਆ

## ਕਿਸੇ ਵੱਡੇ ਮਕਸਦ ਜਾਂ ਵੱਡੇ ਸੁਪਨੇ ਨੂੰ ਪੂਰਾ ਕਰਨ ਲਈ ,ਅਗਰ ਤੁਹਾਨੂੰ ਕਿਸੇ ਵੀ ਹੋਰ ਕੰਮ ਦੀ ਸ਼ੁਰੂਆਤ ਕਰਨੀ ਪੈਂਦੀ ਹੈ ਤਾਂ ਸ਼ਰਮ ਮਹਿਸੂਸ ਨਾ ਕਰੋ



ਕਿਸੇ ਵੱਡੇ ਮਕਸਦ ਜਾਂ ਵੱਡੇ ਸੁਪਨੇ ਨੂੰ ਪੂਰਾ ਕਰਨ ਲਈ ,ਅਗਰ ਤੁਹਾਨੂੰ ਕਿਸੇ ਵੀ ਹੋਰ ਕੰਮ ਦੀ ਸ਼ੁਰੂਆਤ ਕਰਨੀ ਪੈਂਦੀ ਹੈ ਜੋ ਕਿ ਤੁਹਾਡੇ ਸਟੇਟਸ ਨੂੰ ਮੇਲ ਨਹੀਂ ਖਾਂਦਾ ਤਾਂ ਸ਼ਰਮ ਮਹਿਸੂਸ ਨਾ ਕਰੋ ਕਿ ਲੋਕ ਕੀ ਕਹਿਣਗੇ,ਰਿਸ਼ਤੇ ਨਾਤੇ ਕੀ ਕਹਿਣਗੇ, ਰਿਸ਼ਤੇ ਨਾਤੇ ਲੋਕ ਕਹਿਣਗੇ ਤਾਂ ਜਰੂਰ , ਉਹਨਾਂ ਨੂੰ ਕਹਿੰਦੇ ਰਹਿਣ ਦਿਓ ਕਿਉਂਕਿ ਇਹ ਲੋਕ ਤੁਹਾਡੀ ਮਦਦ ਲਈ ਕਦੇ ਅੱਗੇ ਨਹੀਂ ਆਉਣਗੇ ਕਿ ਲੈ ਭਾਈ ਕੋਈ ਪ੍ਰੋਬਲਮ ਆ ਤਾਂ ਸਾਡੇ ਤੋਂ ਪੈਸਾ ਲੈ ਲਾ ਇਹ ਲਫਜ਼ ਕੋਈ ਅਮੀਰ ਤੋਂ ਅਮੀਰ ਵਿਅਕਤੀ ਵੀ ਨਹੀਂ ਕਹੇਗਾ ਕਿ ਮੈਂ ਮਦਦ ਕਰ ਦਿੰਦਾ ਹਾਂ ਫਿਰ ਇਕੱਲੇ ਇਹਨਾਂ ਦੇ ਕਹਿਣ ਦੇ ਡਰ ਤੋਂ ਸ਼ਰਮ ਕਰੀ ਜਾਣੀ ,ਕੋਈ ਵੀ ਕੰਮ ਛੋਟਾ ਨਹੀਂ ਹੁੰਦਾ ਜਾਂ ਕੋਈ ਵੀ ਕੰਮ ਕਰਕੇ ਅਸੀਂ ਛੋਟੇ ਨਹੀਂ ਹੋ ਜਾਂਦੇ ,ਕਿਸੇ ਕੋਲੋਂ ਮੰਗਣ ਨਾਲੋਂ ਜੇਕਰ ਅਸੀਂ ਆਪਣੇ ਦਮ ਤੇ ਕੁੱਝ ਕਰ ਲੈਂਦੇ ਹਾਂ ਤਾਂ ਇਸ ਚੀਜ਼ ਦਾ ਕੋਈ ਉਲਾਹਮਾ ਨਹੀਂ ਹੁੰਦਾ ,ਕੋਈ ਕਿਸੇ ਦੇ ਖਰਚੇ ਨਹੀਂ ਚੁੱਕਦਾ ਬਸ ਅੰਦਰਖਾਤੇ ਗੱਲਾਂ ਭਾਵੇਂ ਸੁਣਾਈ ਜਾਣ। ਸੋ ਖ਼ੁਦ ਦੇ ਬੋਝ ਚੁੱਕਣ ਦੀ ਆਦਤ ਪਾਉਣੀ ਚਾਹੀਦੀ ਹੈ ਕਿਸੇ ਤੇ ਬੋਝ ਬਣਨ ਨਾਲੋਂ। ਇਹ ਬਸ ਨਾ ਧੌਣ ਵਿੱਚ ਇੱਕ ਕਿੱਲਾ ਹੀ ਗੱਡਿਆ ਹੁੰਦਾ ਕਿ ਅਸੀਂ ਕੋਈ ਨਿੱਕਾ ਮੋਟਾ ਕੰਮ ਕਰਕੇ ਨਿੱਕੇ ਹੋ ਜਾਵਾਂਗੇ ਇਹਨੂੰ ਕੱਢ ,ਕੇ ਬਾਹਰ ਸੁੱਟੋ ਬਸ,ਫੇਰ ਵੇਖਣਾ ਸਭ ਠੀਕ ਲੱਗਣ ਲੱਗ ਜਾਂਦਾ ,ਮਿਹਨਤ ਕਰਨ ਵਿੱਚ ਕੋਈ ਸ਼ਰਮ ਨਹੀਂ ਹੁੰਦੀ ,ਬਾਹਰਲੇ ਦੇਸ਼ਾਂ ਵਿੱਚ ਜਾਕੇ ਕਿਵੇਂ ਅਸੀਂ ਸਾਰੇ ਕੰਮ ਹੀ ਕਰੀ ਜਾਂਦੇ ਹਾਂ ਓਥੇ ਕਿਉਂ ਨਹੀਂ ਪ੍ਰਵਾਹ ਕਰਦੇ ਕਿ ਫਲਾਣਾ ਕੀ ਕਹੂ, ਮਾਣ ਨਾਲ ਦੱਸਦੇ ਹਾਂ,ਇਹੋ ਚੀਜ਼ ਤੇ ਸਾਨੂੰ ਲੋਕਾਂ ਨੂੰ ਪਿੱਛੇ ਲੈਕੇ ਜਾ ਰਹੀ ਹੈ ਸੋ ਕੰਮ ਕੋਈ ਛੋਟਾ ਵੱਡਾ ਨਹੀਂ ਹੁੰਦਾ, ਜੋ ਕੰਮ ਸਾਡੀਆਂ ਜਰੂਰਤਾਂ ਪੂਰੀਆਂ ਕਰੇ ਸਾਡਾ ਘਰ ਚਲਾਵੇ, ਸਾਨੂੰ ਕਿਸੇ ਅੱਗੇ ਹੱਥ ਨਾ ਅੱਡਣ ਦੇਵੇ ਓਹ ਭਲਾ ਕਿਵੇਂ ਮਾੜਾ ਜਾਂ ਛੋਟਾ ਹੋ ਸਕਦਾ ਹੈ ।

✍️ ਹਰਵਿੰਦਰ ਕੌਰ ਕਾਹਲੋਂ

## ਪੰਜਾਬੀ ਬੋਲੀ ਵੀ ਕਈ ਵਾਰ ਸਿਆਪੇ ਪਾ ਦਿੰਦੀ ਇੱਕ ਬੱਚੇ ਦੀ ਮੰਮੀ ਉਲ੍ਹਾਮੇ ਦੇਈ ਜਾਵੇ




ਪੰਜਾਬੀ ਬੋਲੀ ਵੀ ਕਈ ਵਾਰ ਸਿਆਪੇ ਪਾ ਦਿੰਦੀ 😜
ਇੱਕ ਬੱਚੇ ਦੀ ਮੰਮੀ ਉਲ੍ਹਾਮੇ ਦੇਈ ਜਾਵੇ,,, ਅਖ਼ੇ ਇਹ ਘਰ ਲੜਦਾ ਆ, ਫਿਰਦਾ ਆ, ਗਾਲ੍ਹਾਂ ਕਢਦਾ
ਮੈਂ ਅੱਗੋਂ ਕਿਹਾ ਇੰਜ ਨਾ ਕਹੋ ਤੁਹਾਡਾ ਬੱਚਾ ਹੀਰਾ ਆ,, ਬਹੁਤ ਕਲਾ ਇਸ ਵਿੱਚ,,,, ਅੱਗੋ ਉਹ ਲਾਲ ਪੀਲ਼ੀ ਜਿਹੀ ਹੋ ਕੇ ਬੋਲੀ,,,, ਅੱਜ ਜਾ ਲੈਣ ਦਿਓ ਇਸਨੂੰ ਘਰ ਇਸਦੀ ਕਲਾ ਮੈਂ ਕਢਦੀ ਆ,,,,, ਜਿਹੜੀ ਇਹ ਕਲਾ ਲਈ ਫਿਰਦਾ,,,,,, ਇਸਦਾ ਪਿਓ ਵੀ ਅੱਜ ਤੱਕ ਕਲਾ ਹੀ ਪਾਉਂਦਾ ਰਿਹਾ,,,,,,,,
ਰਮਨਦੀਪ ਕੌਰ ਅੱਗੋ ਚੁੱਪ ਸੀ ਅੰਦਰੋ ਖਿੜ ਖਿੜ ਹੱਸ ਰਹੀ ਸੀ,ਮਨ ਵਿਚ ਸੋਚ ਰਹੀ ਸੀ ਇਹਨਾਂ ਨੂੰ ਇੱਕੋ ਕਲਾ ਹੀ ਪਤਾ ਲੱਗੀ ਅਜੇ ਤੱਕ,,,, ਕਲਾਵਾਂ ਤਾਂ ਉਂਝ ਇਹਨਾਂ ਵਿਚ ਵੀ ਬਹੁਤ ਨੇ ਪਰ ਵਿਚਾਰੀਆਂ ਇੱਕੋ ਕਲਾ ਲਈ ਮਸ਼ਹੂਰ ਹੋ ਗਈਆਂ See less

## ਹਿਸਾਬ ਕਿਤਾਬ ਗਿਣਤੀਆਂ ਮਿਣਤੀਆਂ ਨੇ ਜ਼ਿੰਦਗੀ ਬੜੀ ਔਖੀ ਕਰ ਦਿੱਤੀ ਹੈ



ਹਿਸਾਬ ਕਿਤਾਬ ਗਿਣਤੀਆਂ ਮਿਣਤੀਆਂ ਨੇ ਜ਼ਿੰਦਗੀ ਬੜੀ ਔਖੀ ਕਰ ਦਿੱਤੀ ਹੈ। ਬੰਦਾ ਤੁਰਦਾ ਹੈ ਤਾਂ ਆਪਣੇ ਕਦਮ ਵੀ ਗਿਣ ਰਿਹਾ। ਦੱਸੋ ਗਿਣਤੀ ਕਰਕੇ ਕੀ ਫਰਕ ਪੈ ਜਾਵੇਗਾ। ਬਸ ਮਨ ਨੂੰ ਤਸੱਲੀ ਕਿ ਮੈਂ ਗਿਣ ਕੇ ਕਦਮ ਤੁਰਿਆ ਹਾਂ। ਇੰਜ ਨਹੀਂ ਬਣਦੀਆਂ ਸਿਹਤਾਂ ਜੇ ਨਾ ਹੋਵੇ ਬੰਦਾ ਪਤਲਾ। ਜੇ ਡਾਕਟਰ ਨੇ ਤੁਰਨ ਨੂੰ ਕਿਹਾ ਹੈ ਤਾਂ ਤੁਰੀ ਜਾਓ। ਜਿੰਨਾ ਤੁਸੀਂ ਸੁਖਾਲਾ ਤੁਰ ਸਕਦੇ ਹੋ ਉਹਨਾਂ ਤੁਰ ਲਓ। ਪਰ ਅਸੀਂ ਤਾਂ ਸਟੇਟਸ ਵੀ ਨਾਲ ਦਿਖਾਉਣਾ। ਵਾਚ ਲਾਉਣੀ ਜਿਹੜੀ ਕਾਊਂਟ ਕਰੇ ਸਾਡੇ ਕਦਮ। ਫਿਰ ਉਸਨੂੰ ਜਾਂ ਸਟੇਟਸ ਤੇ ਪਾਉਣਾ ਜਾਂ ਸੋਸ਼ਲ ਮੀਡੀਆ ਤੇ। ਉ ਭਲੇ ਮਾਣਸੋ ਤੁਰਦੇ ਤਾਂ ਆਪਣੇ ਲਈ ਹੋ ਲੋਕਾਂ ਨੂੰ ਕੀ ਫਰਕ ਪੈਣਾ ਜੇ ਤੁਸੀਂ ਕਿੰਨਾ ਤੁਰੇ? ਜ਼ਿੰਦਗੀ ਸਿਰਫ ਦਿਖਾਵਾ ਰਹਿ ਗਈ ਹੈ। ਦਿਖਾਵੇ ਲਈ ਕਿਸ਼ਤਾਂ ਚੱਲਦੀਆਂ ਹਨ। ਦਿਖਾਵੇ ਲਈ ਲੋਨ ਲਏ ਜਾਂਦੇ ਹਨ। ਹਾਲ ਹੁਣ ਵੀ ਉਹੀ ਹੈ
ਚਿੱਟੇ ਚਾਦਰੇ ਜਮੀਨਾਂ ਗਹਿਣੇ

ਇੱਕ ਪ੍ਰਵਿਰਤੀ ਹੋਰ ਵੀ ਹੈ ਜੋ ਸਾਡੇ ਅੰਦਰ ਘਰ ਕਰ ਚੁੱਕੀ ਹੈ ਉਹ ਹੈ ਜੋੜਨ ਦੀ। ਅਸੀਂ ਸਭ ਕੁਝ ਇਕੱਠਾ ਕਰਕੇ ਰੱਖ ਲੈਣਾ ਚਾਹੁੰਦੇ ਹਾਂ। ਤੁਸੀਂ ਵੇਖਿਆ ਹੋਣਾ ਅਸੀਂ ਬਹੁਤ ਸਾਰੇ ਸੂਟ ਸਵਾ ਕੇ ਰੱਖ ਲੈਂਦੇ ਹਾਂ ਉਹਨਾਂ ਨੂੰ ਪਾਉਂਦੇ ਨਹੀਂ ਇਹ ਸੋਚ ਕੇ ਕਿ ਕਿਸੇ ਖਾਸ ਮੌਕੇ ਤੇ ਪਾਵਾਂਗੇ। ਬਹੁਤੀ ਵਾਰੇ ਅਲਮਾਰੀ ਵਿੱਚ ਪਿੱਛੇ ਹੀ ਲਟਕਦੇ ਰਹਿ ਜਾਂਦੇ ਹਨ। ਬਈ ਸਵਾਲ ਆ ਤਾਂ ਪਾ ਲਓ ਹੰਡਾ ਲਓ ਕੱਲ ਦਾ ਕੋਈ ਭਰੋਸਾ ਨਹੀਂ। ਮੈਨੂੰ ਯਾਦ ਹੈ ਇੱਕ ਵਾਰ ਮੈਂ ਕੰਨਾਂ ਵਿੱਚ ਡਾਇਮੰਡ ਦੇ ਟੋਪਸ ਪਾ ਕੇ ਚਲੀ ਗਈ ਨਾਲ ਸਹਾਰੇ ਵਾਹ ਲਏ। ਮੇਰੇ ਇੱਕ ਸਹਿਕਰਮੀ ਨੇ ਕਿਹਾ ਕਿ ਮੈਡਮ ਤੁਹਾਨੂੰ ਕੋਈ ਮੁਸੀਬਤ ਪਈ ਹੋਈ ਹੈ ਤੁਸੀਂ ਇਹ ਰੱਸੀਆਂ ਨਾਲ ਲਟਕਾਏ ਹੋਏ ਹਨ। ਉਹ ਦਿਨ ਗਿਆ ਅੱਜ ਦਾ ਦਿਨ ਮੈਂ ਕਦੀ ਵੱਡੇ ਟੋਪਸ ਨਹੀਂ ਪਾਏ।

ਮੇਰੀ ਪ੍ਰਿੰਸੀਪਲ ਸੀ ਮੈਡਮ ਜਸਮੇਰ ਕੌਰ ਕੰਗ। ਉਹਨਾਂ ਤੋਂ ਮੈਂ ਬਹੁਤ ਪ੍ਰਭਾਵਿਤ ਹੋਈ ਹਾਂ। ਬੜੀ ਖੂਬਸੂਰਤ ਤੇ ਸਾਦਾ ਜਿਹੀ ਔਰਤ ਸੀ। ਮੈਂ ਹਮੇਸ਼ਾ ਕੋਸ਼ਿਸ਼ ਕਰਦੀ ਹਾਂ ਕਿ ਉਹਨਾਂ ਵਰਗੀ ਬਣਾ। ਵੈਸੇ ਇੱਕ ਮਜ਼ੇ ਦੀ ਗੱਲ ਹੋਰ ਦੱਸਦੀ ਹਾਂ। ਮੇਰੇ ਇੱਕ ਸਾਥੀ ਕਿਤਾਬਾਂ ਲੈਣ ਲਈ ਸਮਾਜ ਭਲਾਈ ਦਫਤਰ ਵਿੱਚ ਗਏ। ਪਹਿਲਾਂ ਕਿਤਾਬਾਂ ਉੱਥੋਂ ਮਿਲਦੀਆਂ ਸੀ। ਉੱਥੇ ਪਿਤਾ ਜੀ ਦੇ ਦੋਸਤ ਦੀ ਪਤਨੀ ਉਹਨਾਂ ਨੂੰ ਮਿਲ ਗਈ। ਉਸਨੇ ਕਿਹਾ ਕਿ ਸਾਡੀ ਕੁੜੀ ਵੀ ਤੁਹਾਡੇ ਸਕੂਲ ਵਿੱਚ ਲੱਗੀ ਹੋਈ ਹੈ। ਹਰਪ੍ਰੀਤ ਨਾਮ ਉਹਨਾਂ ਨੂੰ ਯਾਦ ਨਹੀਂ ਸੀ ਤੇ ਸਿਮੀ ਸਕੂਲ ਵਾਲਿਆਂ ਨੂੰ ਨਹੀਂ ਪਤਾ ਸੀ। ਉਹ ਕਹਿੰਦੇ ਜਿਹੜੀ ਬੜੀ ਸਿੰਪਲ ਜਿਹੀ ਕੁੜੀ ਹੈ। ਜਦੋਂ ਸਰ ਨੇ ਸਕੂਲ ਆ ਕੇ ਦੱਸਿਆ ਮੈਂ ਤਾਂ ਦੂਜੇ ਦਿਨ ਉਹਨਾਂ ਦੇ ਘਰ ਚਲੀ ਗਈ ਕਿ ਮੇਰਾ ਸਾਰਾ ਜ਼ੋਰ ਮੇਕਅਪ ਤੇ ਲੱਗ ਗਿਆ ਤੇ ਤੁਸੀਂ ਸਾਦੀ ਜਿਹੀ ਕੁੜੀ ਕਹਿੰਦੇ ਹੋ।

ਹਰ ਗੱਲ ਉਮਰ ਨਾਲ ਸੋਭਦੀ ਹੈ। ਉਮਰ ਨਾਲ ਤੁਹਾਡੀ ਸੋਚ ਵਿੱਚ ਬਹੁਤ ਫਰਕ ਪੈ ਜਾਂਦਾ ਹੈ। ਚਾਹੁੰਦੀ ਹਾਂ ਉਹ ਸਾਦਾ ਜ਼ਿੰਦਗੀ ਜੀਵਾਂ। ਬਹੁਤ ਹੀ ਸ਼ੋਖ ਤਾਂ ਖੈਰ ਕਦੇ ਵੀ ਨਹੀਂ ਸੀ। ਪਰ ਹੁਣ ਇੰਝ ਲੱਗਦਾ ਹੈ ਕਿ ਦਿਖਾਵਿਆਂ ਵਿੱਚ ਕੁਝ ਨਹੀਂ ਪਿਆ। ਜੋ ਕਾਰ ਮੇਰੇ ਕੋਲ ਹੈ ਇਸ ਤੋਂ 12 13 ਸਾਲ ਤੋਂ ਚਲਾ ਰਹੀ ਹਾਂ। ਪਹਿਲਾਂ ਸੋਚਦੀ ਸੀ ਬਦਲ ਲਵਾਂ। ਪਰ ਫਿਰ ਸੋਚਿਆ ਕੋਈ ਦਿੱਕਤ ਤਾਂ ਦੇ ਨਹੀਂ ਰਹੀ। ਜੇਕਰ ਇਹ ਪੁਰਾਣੀ ਹੋ ਗਈ ਤਾਂ ਪੁਰਾਣੀ ਦਾ ਮੈਂ ਵੀ ਹਾਂ।

ਜ਼ਿੰਦਗੀ ਤਾਂ ਕੋਈ ਬਹੁਤਾ ਵੱਡਾ ਫੰਡਾ ਨਹੀਂ ਹੁੰਦਾ। ਸਿਰਫ ਸੋਚ ਹੈ। ਜਿੱਧਰ ਸੋਚ ਲੱਗ ਜਾਵੇ। ਜਿੱਧਰ ਮਨ ਤੁਰ ਪਵੇ। ਬਸ ਜ਼ਿੰਦਗੀ ਦਾ ਮਕਸਦ ਇਹ ਹੋਣਾ ਚਾਹੀਦਾ ਹੈ ਕਿ ਮਸਤ ਰਹੋ ਆਪਣੇ ਆਪ ਚ ਵਿਅਸਤ ਰਹੋ। ਜਿੱਥੋਂ ਤੱਕ ਹੋ ਸਕੇ ਦੂਜੇ ਦੀ ਮਦਦ ਕਰੋ ਬਾਕੀ ਅਗਲਾ ਜਾਣੇ।

ਚਲੋ ਗੱਲਾਂ ਗੱਲਾਂ ਵਿੱਚ ਗੱਲ ਪਤਾ ਨਹੀਂ ਕਿੱਧਰੋਂ ਕਿੱਧਰ ਪਹੁੰਚ ਗਈ।

ਸ਼ਾਇਦ ਕੋਈ ਕੰਮ ਦੀ ਗੱਲ ਹੋ ਗਈ ਹੋਵੇ। ਜੇ ਨਾ ਵੀ ਹੋਈ ਤਾਂ ਪੜ੍ਹ ਕੇ ਹੱਸ ਛੱਡਿਓ। ਲੇਖਕ : ਹਰਪ੍ਰੀਤ ਕੌਰ ਸੰਧੂ।

## ਤੂੰ ਸੱਚ ਦਾ ਜਲੋਅ ਦੇਖੀ,ਜੋ ਤੱਕਿਆ ਨਾ ਅਜੇ ਤਈਂ,"ਬਹਿ ਕੇ ਅੱਜ ਉਹ ਦੇਖੀ !



ਉਦ੍ਹੀ ਆਹਟ ਨਾ ਹੀ ਸੰਗੀਤ ਕਿੰਝ
ਵਿੱਚ ਫਿਜਾਈਂ ਗੂੰਜਦਾ,ਖੁਦ ਤੇਲ ਦਰੀਂ
ਹਉ ਚੋ ਦੇਖੀਂ !
ਚੰਨ-ਸੂਰਜ ਦੀ ਲਾਲੀ ਅਤੇ
ਟਿੰਮ-ਟਿਮਾਉਂਣਾ ਤਾਰਿਆਂ ਦਾ,ਕੇਰਾਂ
ਬਾਰ ਫਿਤੂਰੀ ਢੋਹ ਦੇਖੀਂ !
ਪਸ਼ੂ-ਪਰਿੰਦਿਆਂ ਦਾ ਚਹਿਕਣਾ,ਮਿੱਟੀਆਂ
ਦਾ ਮਹਿਕਣਾ,ਫੁੱਲਾਂ ਵਿੱਚ ਖੁਸ਼ਬੋ ਦੇਖੀਂ !
ਸਾਫ ਕਰ ਲਈਂ ਝੂਠ ਫਰੇਬ ਹੋ ਸਕੇ ਤਾ
ਸਮੇਂ ਨਾਲ,ਵਰਨਾ ਵਿਲੱਖਣ ਰੋਹ ਦੇਖੀ !
ਇਹ ਕਾਦਰ ਕੁਦਰਤ ਇੱਕ-ਮਿਕ ਹੀ ਨੇ
ਆਪੋ ਵਿੱਚ ਸਮਾਏ ਹੋਏ,ਤੂੰ ਇਨ੍ਹਾਂ ਤਈਂ
ਬੇਸ਼ਕ ਦੋ ਦੇਖੀਂ !
ਹੋਈ ਮੇਹਰ ਤਾ ਨ੍ਹੇਰੇ ਚੀਰ ਚੁਫੇਰੋਂ ਚਾਨਣ
ਆਉ ਵਿਖੇਰਦੀ,ਤੇਰੀ ਤਰਫ ਅਦਭੁੱਦ ਲੋਅ
ਦੇਖੀਂ !
ਰਣਜੀਤ ਖਿੜ ਪੈਂਦੀਆਂ ਨੇ ਅੰਦਰੋਂ ਰੂਹਾਂ,
ਉਦ੍ਹੀ ਹਲਕੀ ਜਿੰਨੀ ਝਲਕ ਨਾ,ਹੋ ਬੱਚਾ
ਉਸ ਨੂੰ ਛੋਹ ਦੇਖੀਂ !
ਤੂੰ ਸੱਚ ਦਾ ਜਲੋਅ ਦੇਖੀ,ਜੋ ਤੱਕਿਆ ਹੀ
ਨਾ ਤੈਂ ਅਜੇ ਤੱਕ ਆਉਂਣ ਵਾਲੇ ਟਾਇਮ ਚ
ਉਹ ਦੇਖੀ !
ਤੂੰ ਸੱਚ ਦਾ ਜਲੋਅ ਦੇਖੀ,ਜੋ ਤੱਕਿਆ ਨਾ
ਅਜੇ ਤਈਂ, "ਬਹਿ ਕੇ ਅੱਜ ਉਹ ਦੇਖੀ !
ਤੇਰੇ ਮਨ ਦੇ ਸਭ ਭਰਮ-ਵਹਿੰਮ,ਪਲਾਂ
ਵਿੱਚ ਟੁੱਟਣਗੇ,ਅੱਗੇ ਹੋਣ ਵਾਲਾ ਏ ਜੋ
ਦੇਖੀ !
ਨਿਆਸਰਿਆਂ ਦਾ ਆਸਰਾ ਉਹ ਪਲਕ
ਝੱਪਕ ਦਿਆਂ ਬਣ ਜਾਂਦਾ,ਜਰਾ ਨੇੜੇ ਤੋਂ
ਖਲੋ ਦੇਖੀ !






ਸੱਚੀ ਅਤੇ ਨਿਰਪੱਖ ਵਿਚਾਰਧਾਰਾ
CEE7NEWS
Daily Digital Edition

## ਸੁਸਾਇਟੀ ਵੱਲੋਂ ਦਸਤਾਰ ਦੁਮਾਲਾ ਸ਼ੁੱਧ ਪੰਜਾਬੀ ਅਤੇ ਪੇਂਟਿੰਗ ਮੁਕਾਬਲੇ 18 ਮਈ ਨੂੰ ਗੁਰਦੁਆਰਾ ਡੇਹਰਾ ਸਾਹਿਬ ਵਿਖੇ ਹੋਣਗੇ।



**ਚੋਹਲਾ ਸਾਹਿਬ 16 ਮਈ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |**

ਸ਼ਹੀਦ ਭਾਈ ਤਾਰੂ ਸਿੰਘ ਗੁਰਮਤਿ ਪ੍ਰਚਾਰ ਐਂਡ ਵੈਲਫੇਅਰ ਸੁਸਾਇਟੀ ਰਜਿ ਪੰਜਾਬ ਵੱਲੋਂ ਸਰਹੰਦ ਫਤਿਹ ਦਿਵਸ ਨੂੰ ਸਮਰਪਿਤ ਬਾਬਾ ਲੱਖਾ ਸਿੰਘ ਜੀ ਕੋਟੇ ਵਾਲੇ, ਸਿੱਖ ਪ੍ਰਚਾਰਕ ਭਾਈ ਗੁਰਦੀਪ ਸਿੰਘ ਜੀ ਮੁੰਡਾ ਪਿੰਡ ਅਤੇ ਇਲਾਕਾ ਨਿਵਾਸੀ ਸੰਗਤਾਂ ਦੇ ਵਿਸ਼ੇਸ਼ ਸਹਿਯੋਗ ਸਦਕਾ ਮਿਤੀ 18 ਮਈ ਦਿਨ ਸੋਮਵਾਰ ਨੂੰ ਸਵੇਰੇ 8-45 ਤੋਂ 12-30 ਤੱਕ ਗੁਰੂ ਨਾਨਕ ਸਾਹਿਬ ਜੀ ਦੇ ਜੱਦੀ ਪਿੰਡ ਅਤੇ ਗੁਰੂ ਹਰਗੋਬਿੰਦ ਸਾਹਿਬ ਮਹਾਰਾਜ ਦੀ ਚਰਨ ਛੋਹ ਪ੍ਰਾਪਤ ਨਗਰ ਡੇਹਰਾ ਸਾਹਿਬ ਵਿਖੇ ਬੱਚਿਆਂ ਦੇ ਦਸਤਾਰ, ਦੁਮਾਲਾ, ਪੇਂਟਿੰਗ ਅਤੇ ਸ਼ੁੱਧ ਪੰਜਾਬੀ ਮੁਕਾਬਲੇ ਕਰਵਾਏ ਜਾ ਰਹੇ ਹਨ। ਇਹਨਾਂ ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਬਾਬਾ ਲੱਖਾ ਸਿੰਘ ਜੀ ਕੋਟੇ ਵਾਲਿਆਂ ਵੱਲੋਂ ਨਿਯੁਕਤ ਕੀਤੇ ਗਏ ਬਾਬਾ ਕੁਲਵਿੰਦਰ ਸਿੰਘ ਜੀ, ਭਾਈ ਗੁਰਦੇਵ ਸਿੰਘ ਮੁੰਡਾ ਪਿੰਡ ਸਿੱਖ ਪ੍ਰਚਾਰਕ, ਮੈਨੇਜਰ ਭਾਈ ਨਿਰਮਲ ਸਿੰਘ ਅਤੇ ਸੁਸਾਇਟੀ ਦੇ ਪ੍ਰਚਾਰਕ ਭਾਈ ਜਗਜੀਤ ਸਿੰਘ ਅਹਿਮਦਪੁਰ ਨੇ ਪ੍ਰੈੱਸ ਨਾਲ ਗੱਲਬਾਤ ਦੌਰਾਨ ਕੀਤਾ। ਉਹਨਾਂ ਕਿਹਾ ਕਿ ਦਸਤਾਰ, ਦੁਮਾਲਾ ਮੁਕਾਬਲੇ ਵਿੱਚ ਚੌਥੀ ਜਮਾਤ ਤੋਂ ਲੈ ਕੇ ਬਾਰ੍ਹਵੀਂ ਜਮਾਤ , ਪੇਂਟਿੰਗ ਮੁਕਾਬਲੇ ਵਿੱਚ ਛੇਵੀਂ ਜਮਾਤ ਤੋਂ ਬਾਰ੍ਹਵੀਂ ਜਮਾਤ ਅਤੇ ਸ਼ੁੱਧ ਪੰਜਾਬੀ ਮੁਕਾਬਲੇ ਵਿੱਚ ਅੱਠਵੀਂ ਤੋਂ ਬਾਰਵੀਂ ਜਮਾਤ ਦੇ ਵਿਦਿਆਰਥੀ ਭਾਗ ਲੈ ਸਕਦੇ ਹਨ। ਉਹਨਾਂ ਨੇ ਇਹ ਵੀ ਕਿਹਾ ਕਿ ਦਸਤਾਰ, ਦੁਮਾਲਾ ਅਤੇ ਪੇਂਟਿੰਗ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਬੱਚੇ ਦਸਤਾਰ, ਦੁਮਾਲਾ ,ਬਾਜ ਪਿਨ, ਸ਼ੀਸ਼ਾ, ਏ ਫੋਰ ਸ਼ੀਟ, ਰੰਗ, ਜਮੈਟਰੀ ਬਾਕਸ, ਫੁੱਟਾ ਅਤੇ ਹੋਰ ਲੋੜੀਂਦਾ ਸਮਾਨ ਆਪਣਾ ਲੈ ਕੇ ਆਉਣਗੇ। ਸੁਸਾਇਟੀ ਦੇ ਕਨਵੀਨਰ ਭਾਈ ਸੰਦੀਪ ਸਿੰਘ ਖਾਲੜਾ, ਪ੍ਰਧਾਨ ਭਾਈ ਸੰਤੋਖ ਸਿੰਘ ਪੱਟੀ, ਮੀਤ ਪ੍ਰਧਾਨ ਭਾਈ ਹੀਰਾ ਸਿੰਘ ਸੋਹਲ, ਸਕੱਤਰ ਭਾਈ ਨਿਰਮਲ ਸਿੰਘ ਸੁਰ ਸਿੰਘ, ਮੀਤ ਸਕੱਤਰ ਭਾਈ ਹਰਚਰਨ ਸਿੰਘ ਉਬੋਕੇ ਅਤੇ ਖਜ਼ਾਨਚੀ ਭਾਈ ਗੁਰਜੰਟ ਸਿੰਘ ਭਿੱਖੀਵਿੰਡ ਨੇ ਸਕੂਲਾਂ ਦੇ ਪ੍ਰਬੰਧਕ , ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਇਲਾਕਾ ਨਿਵਾਸੀ ਸੰਗਤਾਂ ਨੂੰ ਆਪਣੇ ਬੱਚਿਆਂ ਸਮੇਤ 18 ਮਈ ਨੂੰ ਨਿਯਤ ਸਮੇਂ ਤੇ ਗੁਰਦੁਆਰਾ ਸਾਹਿਬ ਵਿਖੇ ਪਹੁੰਚਣ ਦੀ ਬੇਨਤੀ ਕੀਤੀ। ਇਸ ਮੌਕੇ ਪ੍ਰਧਾਨ ਗੁਰਿੰਦਰ ਸਿੰਘ ਟੋਨੀ, ਗ੍ਰੰਥੀ ਭਾਈ ਜਰਨੈਲ ਸਿੰਘ, ਜਥੇਦਾਰ ਪਿਆਰਾ ਸਿੰਘ, ਭਾਈ ਸੁਖਜੀਤ ਸਿੰਘ, ਕੌਮੀ ਕਿਸਾਨ ਯੂਨੀਅਨ ਦੇ ਪ੍ਰਧਾਨ ਤਰਸੇਮ ਸਿੰਘ ਲੁਹਾਰ, ਬਲਵਿੰਦਰ ਸਿੰਘ, ਕੁਲਵੰਤ ਸਿੰਘ, ਹਰਭਜਨ ਸਿੰਘ, ਪਰਮਜੀਤ ਸਿੰਘ, ਗੁਰਪ੍ਰੀਤ ਸਿੰਘ ਜੇ ਈ, ਭਾਈ ਜਗਬੀਰ ਸਿੰਘ ਪ੍ਰਧਾਨ ਮਹਿਤਾ ਕਾਲੂ ਸੇਵਾ ਸੋਸਾਇਟੀ, ਦਸਤਾਰ ਕੋਆਰਡੀਨੇਟਰ ਹਰਜੀਤ ਸਿੰਘ ਲਹਿਰੀ, ਹਰਪ੍ਰੀਤ ਸਿੰਘ, ਪ੍ਰਚਾਰਕ ਭਾਈ ਸੁਖਵਿੰਦਰ ਸਿੰਘ ਖਾਲੜਾ ਆਦਿ ਹਾਜ਼ਰ ਸਨ।

## ਸਬ ਸੈਂਟਰ ਭੈਲ ਅਤੇ ਧੂੰਦਾ ਵਿਖੇ ਡੇਂਗੂ ਸਬੰਧੀ ਜਾਗਰੂਕਤਾ ਕੈਂਪ ਲਗਾਇਆ ਗਿਆ।



**ਚੋਹਲਾ ਸਾਹਿਬ 16 ਮਈ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |**

ਸਿਵਲ ਸਰਜਨ ਤਰਨ ਤਾਰਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਅਤੇ ਜਿਲ੍ਹਾ ਮਲੇਰੀਆ ਅਫਸਰ ਡਾਕਟਰ ਰਾਘਵ ਗੁਪਤਾ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਡਾਕਟਰ ਜਤਿੰਦਰ ਸਿੰਘ ਗਿੱਲ ਸੀਨੀਅਰ ਮੈਡੀਕਲ ਅਫਸਰ ਇੰਚਾਰਜ ਸੀ ਐਚ ਸੀ ਸਰਹਾਲੀ ਦੀ ਯੋਗ ਅਗਵਾਈ ਹੇਠ ਸਬ ਸੈਂਟਰ ਭੈਲ ਅਤੇ ਧੂੰਦਾ ਵਿਖੇ ਡੇਂਗੂ ਜਾਗਰੂਕਤਾ ਸਬੰਧੀ ਕੈਂਪ ਲਗਾਇਆ ਗਿਆ ਹੈ।ਇਸ ਸਮੇਂ ਜਾਣਕਾਰੀ ਦਿੰਦੇ ਹੋਏ ਹੈਲਥ ਵਰਕਰ ਅਮਨਪ੍ਰੀਤ ਸਿੰਘ ਭੈਲ ਨੇ ਦੱਸਿਆ ਕਿ ਸਾਨੂੰ ਆਪਣੇ ਕੋਠੇ ਤੇ ਪਏ ਟੁੱਟੇ ਗਮਲਿਆਂ ਅਤੇ ਟਾਇਰਾਂ ਵਿੱਚ ਪਾਣੀ ਇੱਕਠਾ ਨਹੀਂ ਹੋਣ ਦੇਣਾ ਚਾਹੀਦਾ ਅਤੇ ਕੂਲਰਾਂ ਦੀ ਹਫਤੇ ਵਿੱਚ ਇੱਕ ਵਾਰ ਸਫਾਈ ਕਰਨੀ ਚਾਹੀਦੀ ਹੈ ਤਾਂ ਜ਼ੋ ਡੇਂਗੂ ਵਰਗੀ ਬਿਮਾਰੀ ਨਾ ਫੈਲ ਸਕੇ।ਇਸ ਸਮੇਂ ਅਮਨਦੀਪ ਸਿੰਘ ਧੂੰਦਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਾਨੂੰ ਰਾਤ ਸੌਣ ਸਮੇਂ ਪੂਰਾ ਤਨ ਢੱਕਣ ਵਾਲੇ ਕਪੜੇ ਪਾਉਣੇ ਚਾਹੀਦੇ ਹਨ ਅਤੇ ਮੱਛਰ ਭਜਾਉਣ ਵਾਲੀਆਂ ਕਰੀਮਾਂ ਅਤੇ ਤੇਲਾਂ ਦੀ ਵਰਤੋਂ ਕਰਨੀ ਚਾਹੀਦੀ ਹੈ ਤਾਂ ਜ਼ੋ ਡੇਂਗੂ ਤੋਂ ਬਚਾਅ ਹੋ ਸਕੇ।ਇਸ ਸਮੇਂ ਐਲ ਐਚ ਵੀ ਬਲਜਿੰਦਰ ਕੌਰ ਅਤੇ ਆਸ਼ਾ ਵਰਕਰਜ਼ ਹਾਜਰ ਸਨ।

## 20 ਮਈ ਨੂੰ ਜ਼ਿਲ੍ਹੇ ਦੇ ਸਮੂਹ ਮੈਡੀਕਲ ਸਟੋਰ ਰਹਿਣਗੇ ਬੰਦ -ਬਿਮਲ ਅਗਰਵਾਲ



**ਜਾਣਕਾਰੀ ਦਿੰਦੇ ਹੋਏ ਕੈਮਿਸਟ ਐਸੋਸੀਏਸ਼ਨ ਦੇ ਪ੍ਰਧਾਨ ਬਿਮਲ ਅਗਰਵਾਲ |**

ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨ ਤਾਰਨ, 15 ਮਈ

ਜ਼ਿਲ੍ਹਾ ਕੈਮਿਸਟ ਐਸੋਸੀਏਸ਼ਨ ਤਰਨ ਤਾਰਨ ਦੇ ਪ੍ਰਧਾਨ ਬਿਮਲ ਅਗਰਵਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਕੈਮਿਸਟ ਐਸੋਸੀਏਸ਼ਨ ਅਤੇ ਆਲ ਇੰਡੀਆ ਆਰਗਨਾਈਜੇਸ਼ਨ ਆਫ਼ ਕੈਮਿਸਟ ਐਂਡ ਡਰੱਗਿਸਟ ਐਸੋਸੀਏਸ਼ਨ ਵਲੋਂ ਆਨਲਾਈਨ ਦਵਾਈਆਂ ਦੀ ਵਿਕਰੀ, ਜਿਸ ਵਿਚ ਨਕਲੀ ਅਤੇ ਨਸ਼ੀਲੀਆਂ ਦਵਾਈਆਂ ਦੀ ਵਿਕਰੀ ਸ਼ਾਮਿਲ ਹੈ, ਖਿਲਾਫ਼ ਪੂਰੇ ਭਾਰਤ ਵਿਚ 20 ਮਈ ਨੂੰ ਮੈਡੀਕਲ ਸਟੋਰ ਬੰਦ ਕਰਨ ਦਾ ਸੱਦਾ ਦਿੱਤਾ ਗਿਆ ਹੈ, ਜਿਸ ਤਹਿਤ ਜ਼ਿਲ੍ਹਾ ਤਰਨ ਤਾਰਨ ਵਿਚ ਵੀ ਜ਼ਿਲ੍ਹਾ ਕੈਮਿਸਟਾਂ ਵਲੋਂ ਆਪਣੇ ਸਟੋਰ ਬੰਦ ਰੱਖੇ ਜਾਣਗੇ। ਪ੍ਰਧਾਨ ਅਗਰਵਾਲ ਨੇ ਦੱਸਿਆ ਕਿ ਸਰਕਾਰ ਵਲੋਂ ਨਿਰਧਾਰਿਤ ਸਰਕਾਰੀ ਕਾਨੂੰਨਾਂ ਮੁਤਾਬਿਕ ਦਵਾਈ ਸਿਰਫ਼ ਮੈਡੀਕਲ ਪ੍ਰੈਕਟਿਸ਼ਨਰ ਦੇ ਦੁਆਰਾ ਜਾਂ ਉਸਦੀ ਹਾਜ਼ਰੀ ਵਿਚ ਹੀ ਦਿੱਤੀ ਜਾ ਸਕਦੀ ਹੈ, ਪਰ ਉੱਥੇ ਹੀ ਇਹ ਦਵਾਈਆਂ ਕੋਰੀਅਰ ਦੁਆਰਾ ਆਮ ਲੋਕਾਂ ਦੇ ਘਰਾਂ ਦੇ ਵਿਚ ਪਹੁੰਚਾਈਆਂ ਜਾ ਰਹੀਆਂ ਹਨ, ਜੋ ਕਿ ਚਿੰਤਾ ਦਾ ਵਿਸ਼ਾ ਹੈ। ਇਸਦੇ ਨਾਲ ਲੋਕਾਂ ਦੀ ਸਿਹਤ ਨਾਲ ਖਿਲਵਾੜ ਹੋ ਰਿਹਾ ਹੈ, ਉੱਥੇ ਹੀ ਬਾਜ਼ਾਰ ਵਿਚ ਜ਼ਮੀਨੀ ਪੱਧਰ 'ਤੇ ਮਿਹਨਤ ਕਰਨ ਵਾਲੇ ਕਾਰੋਬਾਰੀਆਂ ਦੀ ਵੀ ਮੁਸੀਬਤ ਵੱਧ ਰਹੀ ਹੈ। ਆਨਲਾਈਨ ਦਵਾਈਆਂ ਦੀ ਵਿਕਰੀ ਦੇ ਨਾਲ ਦੇਸ਼ ਦਾ ਪੈਸਾ ਵਿਦੇਸ਼ਾਂ ਵਿਚ ਜਾ ਰਿਹਾ ਹੈ ਅਤੇ ਡਰੱਗ ਮਾਫ਼ੀਆ ਦੀ ਵੀ ਆਨਲਾਈਨ ਦਵਾਈਆਂ ਦੇ ਕਾਰੋਬਾਰ ਦੀ ਆੜ ਦੇ ਵਿਚ ਹਾਵੀ ਹੋਣ ਦੀ ਪੂਰੀ ਸੰਭਾਵਨਾ ਹੈ, ਜਿਸ ਕਾਰਨ 20 ਮਈ 2026 ਨੂੰ ਦੇਸ਼ ਭਰ ਦੇ ਕੈਮਿਸਟ ਆਪਣੇ ਸਟੋਰ ਬੰਦ ਰੱਖਣਗੇ। ਪ੍ਰਧਾਨ ਅਗਰਵਾਲ ਨੇ ਕਿਹਾ ਕਿ ਕੁਝ ਸ਼ਰਾਰਤੀ ਲੋਕ ਬੰਦ ਦਾ ਸਮਰਥਨ ਨਹੀਂ ਕਰ ਰਹੇ ਅਤੇ 20 ਮਈ ਦੇ ਬੰਦ ਖਿਲਾਫ਼ ਲੋਕਾਂ ਨੂੰ ਝੂਠਾ ਗੁੰਮਰਾਹ ਕਰਨ ਵਿਚ ਲੱਗੇ ਹੋਏ ਹਨ ਪਰ ਕੈਮਿਸਟ ਐਸੋਸੀਏਸ਼ਨ ਰਜਿਸਟਡ ਜ਼ਿਲਾ ਤਰਨ ਤਰਨ ਵਲੋਂ 20 ਦੇ ਬੰਦ ਨੂੰ ਪੂਰਨ ਤੌਰ 'ਤੇ ਲਾਗੂ ਕੀਤਾ ਜਾਵੇਗਾ।

## ਸੈਨਿਕ ਸਕੂਲਾਂ ਵਿੱਚ ਪੰਜਾਬੀ ਨੂੰ ਨਜ਼ਰਅੰਦਾਜ਼ ਕਰਨਾ ਪੰਜਾਬੀਅਤ 'ਤੇ ਹਮਲਾ - ਜਸਵਿੰਦਰ ਸਿੰਘ ਢਿੱਲੋਂ



*"ਪੰਜਾਬੀ ਮਾਂ ਬੋਲੀ ਨਾਲ ਧੱਕਾ ਬਰਦਾਸ਼ਤ ਨਹੀਂ ਕਰਾਂਗੇ" - ਸਾਹਿਤ ਸਭਾ ਦੀ ਕੇਂਦਰ ਸਰਕਾਰ ਨੂੰ ਚੇਤਾਵਨੀ*

ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨਤਾਰਨ, 15 ਮਈ

ਪੰਜਾਬੀ ਸਾਹਿਤ ਸਭਾ ਅਤੇ ਸੱਭਿਆਚਾਰਕ ਕੇਂਦਰ ਤਰਨ ਤਾਰਨ (ਰਜਿ.) ਦੀ ਇੱਕ ਵਿਸ਼ੇਸ਼ ਮੀਟਿੰਗ ਭਾਈ ਮੋਹਨ ਸਿੰਘ ਵੈਦ ਯਾਦਗਾਰੀ ਲਾਇਬਰੇਰੀ ਤਰਨ ਤਾਰਨ ਵਿਖੇ ਬਲਬੀਰ ਸਿੰਘ ਭੈਲ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੌਰਾਨ ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਸੈਨਿਕ ਸਕੂਲਾਂ ਵਿੱਚ ਸੰਸਕ੍ਰਿਤ ਨੂੰ ਲਾਜ਼ਮੀ ਅਤੇ ਪੰਜਾਬੀ ਨੂੰ ਚੋਣਵਾਂ ਵਿਸ਼ਾ ਬਣਾਉਣ ਦੇ ਫੈਸਲੇ ਦਾ ਸਰਬਸੰਮਤੀ ਨਾਲ ਤਿੱਖਾ ਵਿਰੋਧ ਕੀਤਾ ਗਿਆ।

ਸਭਾ ਦੇ ਪ੍ਰਧਾਨ ਜਸਵਿੰਦਰ ਸਿੰਘ ਢਿੱਲੋਂ ਨੇ ਕਿਹਾ ਕਿ ਪੰਜਾਬੀ ਸਾਡੀ ਮਾਤ ਭਾਸ਼ਾ ਹੈ ਅਤੇ ਇਸ ਨਾਲ ਪੰਜਾਬ ਦੀ ਸੰਸਕ੍ਰਿਤੀ, ਇਤਿਹਾਸ ਅਤੇ ਧਾਰਮਿਕ ਵਿਰਾਸਤ ਜੁੜੀ ਹੋਈ ਹੈ। ਉਨ੍ਹਾਂ ਕਿਹਾ ਕਿ ਦੁਨੀਆ ਭਰ ਵਿੱਚ ਕਰੋੜਾਂ ਲੋਕ ਪੰਜਾਬੀ ਬੋਲਦੇ, ਲਿਖਦੇ ਅਤੇ ਸਮਝਦੇ ਹਨ, ਜਦਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਮੇਤ ਅਨੇਕਾਂ ਧਾਰਮਿਕ ਅਤੇ ਸਾਹਿਤਕ ਗ੍ਰੰਥ ਪੰਜਾਬੀ ਭਾਸ਼ਾ ਵਿੱਚ ਹਨ। ਅਜਿਹੇ ਵਿੱਚ ਪੰਜਾਬੀ ਨੂੰ ਦਰਕਿਨਾਰ ਕਰਨਾ ਪੰਜਾਬੀ ਮਾਂ ਬੋਲੀ ਨਾਲ ਵੱਡਾ ਧੱਕਾ ਹੈ, ਜਿਸ ਨੂੰ ਪੰਜਾਬੀ ਭਾਈਚਾਰਾ ਕਦੇ ਵੀ ਬਰਦਾਸ਼ਤ ਨਹੀਂ ਕਰੇਗਾ।

ਸਭਾ ਦੇ ਸਕੱਤਰ ਜਸਵਿੰਦਰ ਸਿੰਘ ਮਾਣੋਚਾਹਲ ਨੇ ਕੇਂਦਰ ਸਰਕਾਰ ਦੀ ਇਸ ਨੀਤੀ ਨੂੰ "ਘਿਨਾਉਣੀ ਸਾਜ਼ਿਸ਼" ਕਰਾਰ ਦਿੰਦਿਆਂ ਕਿਹਾ ਕਿ ਪੰਜਾਬੀ ਸਾਡੇ ਗੁਰੂਆਂ, ਪੀਰਾਂ ਅਤੇ ਸੂਫੀਆਂ ਦੀ ਭਾਸ਼ਾ ਹੈ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨਾਲ ਲੋਕਾਂ ਦੀਆਂ ਭਾਵਨਾਵਾਂ ਅਤੇ ਹਿੱਤ ਜੁੜੇ ਹੋਏ ਹਨ, ਇਸ ਲਈ ਪੰਜਾਬੀ ਨਾਲ ਕਿਸੇ ਵੀ ਕਿਸਮ ਦਾ ਵਿਤਕਰਾ ਸਵੀਕਾਰ ਨਹੀਂ ਕੀਤਾ ਜਾਵੇਗਾ।

ਸਭਾ ਦੇ ਖ਼ਜ਼ਾਨਚੀ ਬਲਬੀਰ ਸਿੰਘ ਬੇਲੀ ਨੇ ਵੀ ਕੇਂਦਰ ਦੇ ਇਸ ਕਦਮ ਦੀ ਕਰੜੇ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਇਸ ਨੂੰ ਪੰਜਾਬ ਵਿਰੋਧੀ ਕਰਾਰ ਦਿੱਤਾ। ਇਸ ਮੌਕੇ ਸਭਾ ਦੇ ਸਰਪ੍ਰਸਤ ਬਲਬੀਰ ਸਿੰਘ ਭੈਲ ਨੇ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਪੰਜਾਬੀ ਭਾਸ਼ਾ ਨਾਲ ਛੇੜਛਾੜ ਕਰਨ ਵਾਲੀਆਂ ਨੀਤੀਆਂ ਤੋਂ ਤੁਰੰਤ ਬਾਜ਼ ਆਇਆ ਜਾਵੇ।

ਮੀਟਿੰਗ ਦੌਰਾਨ ਗੁਰਿੰਦਰਪਾਲ ਸਿੰਘ, ਬਲਬੀਰ ਸਿੰਘ ਲਹਿਰੀ, ਕੰਵਲਜੀਤ ਸਿੰਘ ਢਿੱਲੋਂ, ਗੁਰਚਰਨ ਸਿੰਘ ਸਭਰਾ ਅਤੇ ਕਾਮਰੇਡ ਚਰਨ ਸਿੰਘ ਨੇ ਵੀ ਆਪਣੇ ਵਿਚਾਰ ਪ੍ਰਗਟ ਕਰਦਿਆਂ ਇਸ ਨੀਤੀ ਦੀ ਸਖ਼ਤ ਨਿਖੇਧੀ ਕੀਤੀ। ਸਭਾ ਦੇ ਮੈਂਬਰਾਂ ਨੇ ਇੱਕਸੁਰ ਹੋ ਕੇ ਕਿਹਾ ਕਿ ਉਹ ਕਿਸੇ ਵੀ ਭਾਸ਼ਾ ਦੇ ਵਿਰੁੱਧ ਨਹੀਂ ਹਨ, ਪਰ ਕਿਸੇ ਸੂਬੇ ਦੀ ਮਾਤ ਭਾਸ਼ਾ ਨੂੰ ਉਸੇ ਸੂਬੇ ਵਿੱਚ ਨਜ਼ਰਅੰਦਾਜ਼ ਕਰਨਾ ਕਦੇ ਵੀ ਸਵੀਕਾਰ ਨਹੀਂ ਕੀਤਾ ਜਾ ਸਕਦਾ।

ਸਭਾ ਵੱਲੋਂ ਪੰਜਾਬ ਸਰਕਾਰ ਅਤੇ ਸਿੱਖਿਆ ਵਿਭਾਗ ਤੋਂ ਮੰਗ ਕੀਤੀ ਗਈ ਕਿ ਪੰਜਾਬੀ ਭਾਸ਼ਾ ਦੀ ਰੱਖਿਆ ਲਈ ਤੁਰੰਤ ਦਖ਼ਲ ਦਿੱਤਾ ਜਾਵੇ ਅਤੇ ਕੇਂਦਰੀ ਤੇ ਆਰਮੀ ਸਕੂਲਾਂ ਵਿੱਚ ਪੰਜਾਬ ਦੇ ਬੱਚਿਆਂ ਲਈ ਪੰਜਾਬੀ ਵਿਸ਼ੇ ਦੀ ਪੜ੍ਹਾਈ ਪਹਿਲਾਂ ਵਾਂਗ ਯਕੀਨੀ ਬਣਾਈ ਜਾਵੇ।

ਇਸ ਮੌਕੇ ਬਲਬੀਰ ਸਿੰਘ ਭੈਲ, ਜਸਵਿੰਦਰ ਸਿੰਘ ਢਿੱਲੋਂ, ਜਸਵਿੰਦਰ ਸਿੰਘ ਮਾਣੋਚਾਹਲ, ਬਲਬੀਰ ਸਿੰਘ ਲਹਿਰੀ, ਮਾਸਟਰ ਸਕੱਤਰ ਸਿੰਘ, ਕੰਵਲਜੀਤ ਸਿੰਘ ਢਿੱਲੋਂ, ਸਿਮਰਜੀਤ ਕੌਰ ਜੌਹਲ, ਕੰਵਲਜੀਤ ਕੌਰ ਦਬੁਰਜੀ, ਮੁੱਖ ਅਧਿਆਪਕ ਤਰਸੇਮ ਸਿੰਘ ਲਾਲੂਘੁੰਮਣ, ਗੁਰਪ੍ਰੀਤ ਸਿੰਘ ਕੱਦ ਗਿੱਲ, ਬਲਬੀਰ ਸਿੰਘ ਬੇਲੀ, ਵਿਜੈ ਕੁਮਾਰ ਵਾਹੀ ਪੱਟੀ, ਕਾਮਰੇਡ ਚਰਨ ਸਿੰਘ, ਹਰਕੀਰਤ ਸਿੰਘ, ਦੀਦਾਰ ਸਿੰਘ ਲਾਇਬਰੇਰੀਅਨ, ਗੁਰਚਰਨ ਸਿੰਘ ਸਭਰਾ, ਬਲਜਿੰਦਰ ਸਿੰਘ, ਗਿਆਨੀ ਗੁਰਮੀਤ ਸਿੰਘ ਨੂਰਦੀ ਅਤੇ ਗੁਰਨਾਮ ਸਿੰਘ ਆਨੰਦ ਆਦਿ ਹਾਜ਼ਰ ਸਨ।

Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ

